ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

You Tube https://youtu.be/LQwolgxDu7I

**International Daily Newspaper & WEB TV**

awazeqaumtvpunjab@gmail.com

ਮੰਗਲਵਾਰ, 2 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੭ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਚੰਡੀਗੜ੍ਹ 'ਚ ਨਹੀਂ ਬਣੇਗੀ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਪਰ ਪੰਜਾਬ ਤੋਂ ਪੂਰੀ ਤਰ੍ਹਾਂ ਚੰਡੀਗੜ੍ਹ ਖੋਹਣ ਦੀ ਚੱਲ ਰਹੀ ਕੋਸ਼ਿਸ਼

**ਚੰਡੀਗੜ੍ਹ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਕੇਂਦਰ ਵੱਲੋਂ ਹਰਿਆਣਾ ਨੂੰ ਵੱਡਾ ਝਟਕਾ ਦੇ ਦਿੱਤਾ ਹੈ। ਜੀ ਹਾਂ ਕੇਂਦਰੀ ਮੰਤਰਾਲੇ ਮੰਤਰਾਲੇ (MHA) ਨੇ ਹਰਿਆਣਾ ਸਰਕਾਰ ਦੀ ਚੰਡੀਗੜ੍ਹ ਵਿੱਚ ਨਵਾਂ ਵਿਧਾਨ ਸਭਾ ਭਵਨ ਬਣਾਉਣ ਦੀ ਮੰਗ ਨੂੰ ਰੱਦ ਕਰ ਦਿੱਤਾ ਹੈ। ਮੰਤਰਾਲੇ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸਪੱਸ਼ਟ ਸਲਾਹ ਦਿੱਤੀ ਹੈ ਕਿ ਇਸ ਮਾਮਲੇ ਵਿੱਚ ਹੁਣ ਚੰਡੀਗੜ੍ਹ ਪ੍ਰਸ਼ਾਸਨ ਨਾਲ ਕਿਸੇ ਵੀ ਤਰ੍ਹਾਂ ਦੀ ਅੱਗੇ ਦੀ ਕਾਰਵਾਈ ਨਾ ਕਰੋ। ਇਸ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਵਿਧਾਇਕ ਵੱਲੋਂ ਵੱਡਾ ਤੋਖਲਾ ਪ੍ਰਗਟਾਇਆ ਗਿਆ ਹੈ। ਜਲੰਧਰ ਕੈਂਟ ਤੋਂ ਕਾਂਗਰਸ ਦੇ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਕਮਜ਼ੋਰ ਕਰਨ ਦੀ ਸਾਜ਼ਿਸ਼ ਤਹਿਤ ਹਰਿਆਣਾ ਲਈ ਵੱਖਰੀ ਵਿਧਾਨ ਸਭਾ ਬਣਾਉਣ ਦਾ ਪ੍ਰਸਤਾਵ ਭਲੇ ਹੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਹੁਣ ਰੱਦ ਕਰ ਦਿੱਤਾ ਹੈ—ਪਰ ਇਹ ਵੀ ਯਾਦ ਰਹੇ ਕਿ ਇਸਦੀ ਪਹਿਲੀ ਹਾਮੀ ਮੁੱਖ ਮੰਤਰੀ ਭਗਵੰਤ ਮਾਨ ਨੇ ਹੀ ਭਰੀ ਸੀ। ਪੰਜਾਬੀਆਂ ਨੂੰ A-team ਤੇ B-team ਦੀਆਂ ਇਹਨਾਂ ਮਿਲੀਭੁਗਤ ਵਾਲੀਆਂ ਚਾਲਾਂ ਤੋਂ ਅਜੇ ਵੀ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਹੁਣ ਮੁੱਦਾ ਸਿਰਫ਼ ਵਿਧਾਨ ਸਭਾ ਲਈ ਜ਼ਮੀਨ ਦਾ ਨਹੀਂ—131ਵੀਂ ਸੰਵਿਧਾਨਿਕ ਸੋਧ ਰਾਹੀਂ ਪੂਰਾ ਚੰਡੀਗੜ੍ਹ ਹੀ ਪੰਜਾਬ ਤੋਂ ਖੋਹਣ ਦੀ ਕੋਸ਼ਿਸ਼ ਚੱਲ ਰਹੀ ਹੈ।

## ਪੰਜਾਬ ਭਰ 'ਚ 2 ਘੰਟਿਆਂ ਲਈ ਕਿਸਾਨਾਂ ਵੱਲੋਂ 5 ਨੂੰ ਰੇਲਾਂ ਦਾ ਚੱਕਾ ਜਾਮ

# 17-18 ਨੂੰ ਡੀ. ਸੀ. ਦਫ਼ਤਰ ਦੇ ਬਾਹਰ ਧਰਨਾ



**ਚੰਡੀਗੜ੍ਹ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਰ 'ਚ ਮੁੜ ਤੋਂ ਮਾਹੌਲ ਭਖ ਸਕਦਾ ਹੈ। ਦੱਸ ਦਈਏ ਕਿ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਅੰਮ੍ਰਿਤਸਰ ਦੇ ਡੀਸੀ ਨੂੰ ਮੰਗ ਪੱਤਰ ਸੌਂਪਿਆ ਹੈ। ਦੱਸ ਦਈਏ ਕਿ ਕਿਸਾਨਾਂ ਵੱਲੋਂ ਪੰਜਾਬ ਭਰ 'ਚ 5 ਦਸੰਬਰ ਨੂੰ 2 ਘੰਟਿਆਂ ਲਈ ਰੇਲ ਜਾਮ ਕੀਤਾ ਜਾਵੇਗਾ। ਬਿਜਲੀ ਸੋਧ ਬਿੱਲ ਅਤੇ ਆਪਣੀਆਂ ਹੋਰ ਪੈਂਡਿੰਗ ਮੰਗਾਂ ਨੂੰ ਲੈ ਕੇ ਅੱਜ ਕਿਸਾਨਾਂ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਮੰਗ-ਪੱਤਰ ਸੌਂਪਿਆ। ਇਸ ਦੌਰਾਨ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਜੇ ਤੱਕ ਨਹੀਂ ਮਨਿਆ ਗਿਆ, ਜਿਸ ਕਾਰਨ ਇਹ ਸੰਘਰਸ਼ ਲਗਾਤਾਰ ਜਾਰੀ ਰਹੇਗਾ। ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਚਾਹੇ ਬਿਜਲੀ ਦੇ ਨਿੱਜੀਕਰਨ ਦਾ ਮੁੱਦਾ ਹੋਵੇ ਜਾਂ ਸੰਭੂ ਅਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਦੇ ਹੋਏ ਨੁਕਸਾਨ ਦੀ ਭਰਪਾਈ, ਸਰਕਾਰ ਨੇ ਅਜੇ ਤੱਕ ਕੋਈ ਸਪਸ਼ਟ ਹੱਲ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ 5 ਦਸੰਬਰ ਨੂੰ ਕਿਸਾਨ 2 ਘੰਟਿਆਂ ਲਈ ਰੇਲ ਜਾਮ ਕਰ ਸਰਕਾਰ ਨੂੰ ਚਿਤਾਵਨੀ ਦੇਣਗੇ। ਇਸ ਤੋਂ ਬਾਅਦ 17 ਅਤੇ 18 ਦਸੰਬਰ ਨੂੰ ਕਿਸਾਨ ਅੰਮ੍ਰਿਤਸਰ ਡੀ.ਸੀ. ਦਫ਼ਤਰ ਦੇ ਬਾਹਰ ਵੱਡਾ ਧਰਨਾ ਦੇਣਗੇ। ਪੰਧੇਰ ਨੇ ਕਿਹਾ ਕਿ ਜੇ ਸਰਕਾਰ ਦਾ ਕੋਈ ਨੁਮਾਇੰਦਾ ਗੱਲਬਾਤ ਲਈ ਆਉਣਾ ਚਾਹੇ ਤਾਂ ਕਿਸਾਨ ਤਿਆਰ ਹਨ, ਪਰ ਜੇ ਹਾਲ ਫਿਰ ਵੀ ਨਾ ਨਿਕਲਿਆ ਤਾਂ ਰੇਲ ਰੋਕੋ ਅੰਦੋਲਨ ਨੂੰ ਤੇਜ਼ ਕੀਤਾ ਜਾਵੇਗਾ। **(ਫਾਈਲ ਫੋਟੋ)**

## ਦੋ ਸਕੂਲੀ ਬੱਸਾਂ ਹੋਈਆਂ ਭਿਆਨਕ ਹਾਦਸੇ ਦਾ ਸ਼ਿਕਾਰ, ਸੱਤ ਤੋਂ ਅੱਠ ਸਕੂਲੀ ਬੱਚੇ ਜ਼ਖਮੀ

**ਰੋਹਤਕ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੇ ਰੋਹਤਕ ਦੇ ਲਾਖਨਮਾਜਰਾ-ਜੀਂਦ ਰੋਡ 'ਤੇ ਦੋ ਸਕੂਲ ਬੱਸਾਂ ਆਪਸ 'ਚ ਭਿੜ ਗਈ ਜਿਸ ਕਾਰਨ ਭਿਆਨਕ ਹਾਦਸਾ ਵਾਪਰਿਆ। ਇਸ ਹਾਦਸੇ 'ਚ 7 ਤੋਂ 8 ਸਕੂਲੀ ਬੱਚੇ ਜ਼ਖਮੀ ਹੋ ਗਏ। ਜਿਨ੍ਹਾਂ ਚੋਂ ਦੋ ਬੱਚਿਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਸਾਰੇ ਜ਼ਖਮੀਆਂ ਨੂੰ ਇਲਾਜ ਲਈ ਪੀਜੀਆਈ ਰੋਹਤਕ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਇੱਕ ਬੱਸ ਬੱਚਿਆਂ ਨੂੰ ਸਕੂਲ ਲੈ ਜਾ ਰਹੀ ਸੀ, ਜਦਕਿ ਦੂਜੀ ਵਿਆਹ ਸਮਾਰੋਹ ਤੋਂ ਬੱਚਿਆਂ ਨੂੰ ਵਾਪਸ ਲਿਆ ਰਹੀ ਸੀ। ਜਿਵੇਂ ਹੀ ਦੋਵੇਂ ਵਾਹਨ ਲਖਨਮਾਜਰਾ-ਜੀਂਦ ਰੋਡ 'ਤੇ ਆਹਮੋ-ਸਾਹਮਣੇ ਹੋਏ, ਤੇਜ਼ ਰਫ਼ਤਾਰ ਕਾਰਨ ਇੱਕ ਭਿਆਨਕ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵਾਂ ਬੱਸਾਂ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇਸ ਹਾਦਸੇ 'ਚ ਦੋਵੇਂ ਬੱਸਾਂ ਦੇ ਡਰਾਈਵਰ ਜ਼ਖਮੀ ਹੋ ਗਏ। ਹਾਦਸੇ ਤੋਂ ਤੁਰੰਤ ਬਾਅਦ, ਰਾਹਗੀਰਾਂ ਦੀ ਭੀੜ ਮੌਕੇ 'ਤੇ ਇਕੱਠੀ ਹੋ ਗਈ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ, ਬੱਚਿਆਂ ਨੂੰ ਬਾਹਰ ਕੱਢਿਆ ਅਤੇ ਹਸਪਤਾਲ ਪਹੁੰਚਾਇਆ। ਘਟਨਾ ਦੀ ਜਾਣਕਾਰੀ ਮਿਲਦੇ ਹੀ, ਬੱਚਿਆਂ ਦੇ ਪਰਿਵਾਰ ਅਤੇ ਸਕੂਲ ਪ੍ਰਬੰਧਨ ਦੇ ਅਧਿਕਾਰੀ ਵੀ ਪੀਜੀਆਈ ਪਹੁੰਚੇ। ਡਾਕਟਰਾਂ ਅਨੁਸਾਰ, ਦੋ ਬੱਚਿਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਦਕਿ ਬਾਕੀ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੋਵੇਂ ਬੱਸਾਂ ਨੂੰ ਜ਼ਬਤ ਕਰ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਢਲੇ ਅੰਦਾਜ਼ੇ ਤੋਂ ਪਤਾ ਚੱਲਦਾ ਹੈ ਕਿ ਹਾਦਸਾ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਗੱਡੀ ਚਲਾਉਣ ਕਾਰਨ ਹੋਇਆ ਹੈ, ਹਾਲਾਂਕਿ ਵਿਸਥਾਰਤ ਜਾਂਚ ਰਿਪੋਰਟ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ। ਸਥਾਨਕ ਨਿਵਾਸੀਆਂ ਨੇ ਮੰਗ ਕੀਤੀ ਹੈ ਕਿ ਪ੍ਰਸ਼ਾਸਨ ਸਕੂਲ ਬੱਸਾਂ, ਰੂਟ ਪਰਮਿਟਾਂ ਅਤੇ ਡਰਾਈਵਰਾਂ ਦੀ ਫਿਟਨੈਸ ਦੀ ਜਾਂਚ ਕਰਨ ਲਈ ਸਖ਼ਤ ਕਦਮ ਚੁੱਕੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।



## ਸਿਮਰਨਜੀਤ ਬੈਂਸ ਦਾ ਟੋਲ ਪਲਾਜ਼ਾ 'ਤੇ ਪਿਆ ਪੰਗਾ, ਸਖ਼ਤ ਵਿਰੋਧ ਦੀ ਦਿੱਤੀ ਚੇਤਾਵਨੀ; ਜਾਣੋ ਕਿਉਂ ਭੱਖਿਆ ਵਿਵਾਦ ?



**ਲੁਧਿਆਣਾ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਨੈਸ਼ਨਲ ਹਾਈਵੇਅ 'ਤੇ ਲਾਡੋਵਾਲ ਟੋਲ ਪਲਾਜ਼ਾ 'ਤੇ ਭਾਰੀ ਟ੍ਰੈਫਿਕ ਜਾਮ ਲੱਗਿਆ ਹੋਇਆ ਸੀ। ਜਿਸਦੇ ਚੱਲਦੇ ਜਲੰਧਰ ਤੋਂ ਆ ਰਹੇ ਸੀਨੀਅਰ ਕਾਂਗਰਸੀ ਆਗੂ ਅਤੇ ਆਤਮ ਨਗਰ ਦੇ ਸਾਬਕਾ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਇਸ ਟ੍ਰੈਫਿਕ ਜਾਮ ਵਿੱਚ ਫਸ ਗਏ। ਲਗਭਗ ਅੱਧੇ ਘੰਟੇ ਬਾਅਦ, ਉਨ੍ਹਾਂ ਦੀ ਗੱਡੀ ਫਿਲੌਰ ਤੋਂ ਲਾਡੋਵਾਲ ਟੋਲ ਪਲਾਜ਼ਾ 'ਤੇ ਗਲਤ ਪਾਸੇ ਪਹੁੰਚੀ। ਇਸ ਤੋਂ ਬਾਅਦ, ਸਾਬਕਾ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਨੇ ਟੋਲ ਪਲਾਜ਼ਾ 'ਤੇ ਟੋਲ ਮੈਨੇਜਰ ਵਿਪਿਨ ਰਾਏ ਨਾਲ ਟ੍ਰੈਫਿਕ ਜਾਮ ਬਾਰੇ ਚਰਚਾ ਕੀਤੀ। ਇੰਨਾ ਹੀ ਨਹੀਂ, ਸਾਬਕਾ ਵਿਧਾਇਕ ਬੈਂਸ ਨੇ ਟੋਲ ਮੈਨੇਜਰ ਨੂੰ ਨੈਸ਼ਨਲ ਹਾਈਵੇਅ ਅਥਾਰਟੀ (NHA) ਦੇ ਤਿੰਨ ਮਿੰਟ ਤੋਂ ਵੱਧ ਸਮੇਂ ਤੱਕ ਚੱਲੇ ਟ੍ਰੈਫਿਕ ਜਾਮ ਬਾਰੇ ਵੀ ਜਾਣਕਾਰੀ ਦਿੱਤੀ। ਇਸ ਤੋਂ ਬਾਅਦ, ਵਿਧਾਇਕ ਖੁਦ ਆਪਣੀ ਗੱਡੀ ਤੋਂ ਬਾਹਰ ਨਿਕਲੇ ਅਤੇ ਟੋਲ ਪਲਾਜ਼ਾ 'ਤੇ ਬੈਰੀਕੇਡ ਹਟਾ ਦਿੱਤਾ, ਜਿਸ ਨਾਲ ਜਾਮ ਵਿੱਚ ਫਸੇ ਵਾਹਨ ਬਿਨਾਂ ਕੋਈ ਟੋਲ ਫੀਸ ਅਦਾ ਕੀਤੇ ਲੰਘਣ ਲੱਗ ਪਏ। ਇਸ ਤੋਂ ਇਲਾਵਾ, ਸਾਬਕਾ ਵਿਧਾਇਕ ਨੇ ਟੋਲ ਪਲਾਜ਼ਾ ਕਰਮਚਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹ ਇਸ ਤਰ੍ਹਾਂ ਡਰਾਈਵਰਾਂ ਨੂੰ ਪਰੇਸ਼ਾਨ ਕਰਦੇ ਰਹੇ, ਤਾਂ ਉਹ ਟੋਲ ਪਲਾਜ਼ਾ 'ਤੇ ਆਪਣਾ ਪੱਕਾ ਡੇਰਾ ਲਗਾ ਲੈਣਗੇ। ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਦੇ ਨਿਯਮਾਂ ਅਨੁਸਾਰ, ਜੇਕਰ ਕਿਸੇ ਡਰਾਈਵਰ ਨੂੰ ਟੋਲ ਫੀਸ ਦਾ ਭੁਗਤਾਨ ਕੀਤੇ ਬਿਨਾਂ ਲੰਘਣ ਦੀ ਇਜਾਜ਼ਤ ਹੈ। ਹਾਲਾਂਕਿ, ਲਾਡੋਵਾਲ ਟੋਲ ਪਲਾਜ਼ਾ 'ਤੇ, ਡਰਾਈਵਰਾਂ ਨੂੰ ਘੰਟਿਆਂਬੱਧੀ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਖੁਦ ਗੁਰਾਇਆ ਤੋਂ ਇਸ ਟ੍ਰੈਫਿਕ ਜਾਮ ਵਿੱਚ ਫਸਿਆ ਹੋਇਆ ਸੀ, ਅਤੇ ਨਤੀਜੇ ਵਜੋਂ, ਉਨ੍ਹਾਂ ਨੂੰ ਟੋਲ ਤੱਕ ਪਹੁੰਚਣ ਲਈ ਗਲਤ ਪਾਸੇ ਤੋਂ ਆਪਣਾ ਵਾਹਨ ਚਲਾਉਣਾ ਪਿਆ। ਟੋਲ ਪਲਾਜ਼ਾ ਮੈਨੇਜਰ ਵਿਪਿਨ ਰਾਏ ਨੇ ਕਿਹਾ ਕਿ ਟੋਲ ਪਲਾਜ਼ਾ ਦੀ ਕੋਈ ਗਲਤੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਅਤੇ ਐਤਵਾਰ ਛੁੱਟੀਆਂ ਹੋਣ ਕਾਰਨ, ਟੋਲ ਪਲਾਜ਼ਾ 'ਤੇ ਆਮ ਨਾਲੋਂ ਜ਼ਿਆਦਾ ਟ੍ਰੈਫਿਕ ਹੁੰਦਾ ਹੈ, ਜਿਸ ਕਾਰਨ ਅਕਸਰ ਟ੍ਰੈਫਿਕ ਜਾਮ ਹੁੰਦਾ ਹੈ। ਉਨ੍ਹਾਂ ਕਿਹਾ ਕਿ ਟੋਲ ਪਲਾਜ਼ਾ ਨੈਸ਼ਨਲ ਹਾਈਵੇ ਅਥਾਰਟੀ ਦੇ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ।

## ਪਾਕਿਸਤਾਨੀ ਡੌਨ ਭੱਟੀ ਨੇ ਬਿਸ਼ਨੋਈ ਭਰਾਵਾਂ ਨੂੰ ਮੁੜ ਦਿੱਤੀ ਧਮਕੀ, ਕਿਹਾ- ਬੁਲੇਟਪਰੂਫ ਕਾਰ ਵੀ ਤੁਹਾਨੂੰ ਨਹੀਂ ਬਚਾ ਸਕੇਗੀ...



**ਨਵੀਂ ਦਿੱਲੀ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਬਦਨਾਮ ਗੈਂਗਸਟਰ ਸ਼ਹਿਜ਼ਾਦ ਭੱਟੀ ਨੇ ਇੱਕ ਨਵਾਂ ਵੀਡੀਓ ਜਾਰੀ ਕੀਤਾ ਹੈ। ਵੀਡੀਓ ਵਿੱਚ, ਭੱਟੀ ਸਾਫ਼-ਸਾਫ਼ ਕਹਿੰਦਾ ਹੈ, "ਲਾਰੈਂਸ ਬਿਸ਼ਨੋਈ ਤੇ ਅਨਮੋਲ ਬਿਸ਼ਨੋਈ, ਤੁਸੀਂ ਭਾਵੇਂ ਕਿੰਨੀ ਵੀ ਸੁਰੱਖਿਆ ਲਓ, ਮੈਂ ਤੁਹਾਨੂੰ ਨਹੀਂ ਛੱਡਾਂਗਾ।" ਆਪਣੀ ਨਵੀਂ ਵੀਡੀਓ ਵਿੱਚ ਭੱਟੀ ਅਨਮੋਲ ਅਤੇ ਲਾਰੈਂਸ ਨੂੰ ਕਹਿੰਦਾ ਹੈ, "ਬੁੱਲਟਪਰੂਫ ਜੈਕਟਾਂ ਅਤੇ ਬੁਲੇਟਪਰੂਫ ਕਾਰਾਂ ਨਾਲ ਤੁਸੀਂ ਕਿਵੇਂ ਬਚੋਗੇ ?" ਭੱਟੀ ਅੱਗੇ ਕਹਿੰਦਾ ਹੈ, "ਮੈਂ ਤੁਹਾਡੇ ਨਾਲ ਕੰਮ ਕੀਤਾ ਹੈ, ਇਸ ਲਈ ਤੁਸੀਂ ਜਾਣਦੇ ਹੋ ਕਿ ਭੱਟੀ ਕੀ ਕਰਨ ਦੇ ਸਮਰੱਥ ਹੈ ਤੇ ਉਸ ਕੋਲ ਕਿੰਨੀ ਹਿੰਮਤ ਹੈ।" ਵੀਡੀਓ ਵਿੱਚ ਭੱਟੀ ਨੂੰ ਲਾਰੈਂਸ ਤੇ ਅਨਮੋਲ ਬਿਸ਼ਨੋਈ 'ਤੇ ਨਿਰਦੋਸ਼ ਲੋਕਾਂ ਨੂੰ ਮਾਰਨ ਦਾ ਦੋਸ਼ ਲਗਾਉਂਦੇ ਸੁਣਿਆ ਜਾ ਸਕਦਾ ਹੈ। ਭੱਟੀ ਕਹਿੰਦਾ ਹੈ, "ਤੁਸੀਂ ਬਹੁਤ ਸਾਰੇ ਨਿਰਦੋਸ਼, ਨਿਹੱਥੇ ਲੋਕਾਂ ਨੂੰ ਮਾਰਿਆ ਹੈ ਤੇ ਹੁਣ ਜਦੋਂ ਤੁਹਾਡੀ ਵਾਰੀ ਹੈ, ਤਾਂ ਤੁਸੀਂ ਸੁਰੱਖਿਆ ਮੰਗ ਰਹੇ ਹੋ। ਤੁਸੀਂ ਚੀਕ ਰਹੇ ਹੋ।" ਸ਼ਿਹਜ਼ਾਦ ਭੱਟੀ ਨੇ ਕਿਹਾ, "ਮੈਂ ਸਿਰਫ਼ ਧਮਕੀ ਨਹੀਂ ਦੇ ਰਿਹਾ; ਮੈਂ ਤੁਹਾਨੂੰ ਦਿਖਾਵਾਂਗਾ ਕਿ ਕਿਵੇਂ।" ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਇਹ ਉਹੀ ਸ਼ਿਹਜ਼ਾਦ ਭੱਟੀ ਹੈ ਜੋ ਇਸ ਸਮੇਂ ਦੁਬਈ ਵਿੱਚ ਰਹਿੰਦਾ ਹੈ, ਪਰ ਉਸਦਾ ਸਾਰਾ ਕੰਮ ਪਾਕਿਸਤਾਨ ਤੋਂ ਚਲਾਇਆ ਜਾਂਦਾ ਹੈ। ਸ਼ਿਹਜ਼ਾਦ ਭੱਟੀ ਕਦੇ ਲਾਰੈਂਸ ਬਿਸ਼ਨੋਈ ਦਾ ਕਰੀਬੀ ਦੋਸਤ ਸੀ। ਈਦ 'ਤੇ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਨੂੰ ਉਸਦਾ ਇੱਕ ਵੀਡੀਓ ਕਾਲ ਵਾਇਰਲ ਹੋਇਆ, ਜਿਸ ਵਿੱਚ ਭੱਟੀ ਨੇ ਕਿਹਾ, "ਮੈਂ ਲਾਰੈਂਸ ਗੈਂਗ ਲਈ ਆਪਣੀ ਗਰਦਨ ਵੱਢਣ ਲਈ ਵੀ ਤਿਆਰ ਹਾਂ।" ਹਾਲਾਂਕਿ, ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਲਾਰੈਂਸ ਬਿਸ਼ਨੋਈ ਨੇ ਸੋਸ਼ਲ ਮੀਡੀਆ 'ਤੇ ਹਾਫਿਜ਼ ਸਈਦ ਨੂੰ ਮਾਰਨ ਦੀ ਧਮਕੀ ਦਿੱਤੀ। ਇਸ ਨਾਲ ਦੋਵਾਂ ਵਿਚਕਾਰ ਝਗੜਾ ਹੋ ਗਿਆ, ਅਤੇ ਭੱਟੀ ਲਾਰੈਂਸ ਦਾ ਖੁੱਲ੍ਹਾ ਦੁਸ਼ਮਣ ਬਣ ਗਿਆ। ਹਾਲ ਹੀ ਵਿੱਚ, ਬਾਬਾ ਸਿੱਦੀਕੀ ਕਤਲ ਕੇਸ ਦੇ ਮੁੱਖ ਨਿਸ਼ਾਨੇਬਾਜ਼ ਜ਼ੀਸ਼ਾਨ ਅਖਤਰ ਨੇ ਵੀ ਇੱਕ ਵੀਡੀਓ ਜਾਰੀ ਕੀਤਾ। ਇਹ ਵੀ ਦੱਸ ਦਈਏ ਕਿ ਅਨਮੋਲ ਬਿਸ਼ਨੋਈ ਨੇ ਕੁਝ ਦਿਨ ਪਹਿਲਾਂ ਪਟਿਆਲਾ ਹਾਊਸ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਉਸਨੂੰ ਸ਼ਿਹਜ਼ਾਦ ਭੱਟੀ ਤੋਂ ਖ਼ਤਰਾ ਹੈ। ਕੱਲ੍ਹ ਹੀ, ਦਿੱਲੀ ਪੁਲਿਸ ਨੇ ਸ਼ਹਿਜ਼ਾਦ ਭੱਟੀ ਦੇ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਨੂੰ ਭੱਟੀ ਨੇ ਪਾਕਿਸਤਾਨ ਤੋਂ ਹਥਿਆਰ ਅਤੇ ਗ੍ਰਨੇਡ ਸਪਲਾਈ ਕੀਤੇ ਸਨ।

## ਵਧ ਰਹੇ ਡਿਜ਼ੀਟਲ ਅਰੈਸਟ ਮਾਮਲਿਆਂ 'ਤੇ ਸੁਪਰੀਮ ਕੋਰਟ ਨੇ ਜਤਾਈ ਚਿੰਤਾ, CBI ਨੂੰ ਜਾਰੀ ਕੀਤੇ ਸਖਤ ਨਿਰਦੇਸ਼

**ਨਵੀਂ ਦਿੱਲੀ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਡਿਜੀਟਲ ਗ੍ਰਿਫ਼ਤਾਰੀ ਦੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ ਹੈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਸੀਬੀਆਈ ਡਿਜੀਟਲ ਗ੍ਰਿਫ਼ਤਾਰੀ ਘੁਟਾਲੇ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰੇਗੀ। ਅਦਾਲਤ ਨੇ ਕਿਹਾ ਕਿ ਹਾਲ ਹੀ ਦੇ ਸਮੇਂ ਵਿੱਚ ਦੇਸ਼ ਭਰ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ ਅਚਾਨਕ ਵਧ ਗਈ ਹੈ, ਜੋ ਕਿ ਬਹੁਤ ਚਿੰਤਾਜਨਕ ਹੈ। ਸੀਜੇਆਈ ਸੂਰਿਆ ਕਾਂਤ ਨੇ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੇ ਤਹਿਤ ਸੀਬੀਆਈ ਨੂੰ ਬੈਂਕਰਾਂ ਦੀ ਭੂਮਿਕਾ ਦੀ ਜਾਂਚ ਕਰਨ ਲਈ ਵਧੇਰੇ ਸ਼ਕਤੀਆਂ ਦਿੱਤੀਆਂ ਹਨ, ਜਿੱਥੇ ਅਜਿਹੇ ਡਿਜੀਟਲ ਗ੍ਰਿਫ਼ਤਾਰੀ ਘੁਟਾਲਿਆਂ ਦੇ ਉਦੇਸ਼ ਲਈ ਬੈਂਕ ਖਾਤੇ ਖੋਲ੍ਹੇ ਗਏ ਹਨ। ਸੁਪਰੀਮ ਕੋਰਟ ਨੇ ਰਿਜ਼ਰਵ ਬੈਂਕ ਆਫ਼ ਇੰਡੀਆ (ਆਰਬੀਆਈ) ਨੂੰ ਵੀ ਇੱਕ ਨੋਟਿਸ ਜਾਰੀ ਕੀਤਾ, ਜਿਸ ਨਾਲ ਇਸਨੂੰ ਇਸ ਖੁਦਮੁਖਤਿਆਰੀ ਮਾਮਲੇ ਵਿੱਚ ਇੱਕ ਧਿਰ ਬਣਾਇਆ ਗਿਆ। ਸੁਪਰੀਮ ਕੋਰਟ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਨੂੰ ਅਦਾਲਤ ਦੀ ਸਹਾਇਤਾ ਕਰਨ ਲਈ ਕਿਹਾ। ਇਸ ਨੇ ਇਹ ਵੀ ਪੁੱਛਿਆ ਕਿ ਅਜਿਹੇ ਖਾਤਿਆਂ ਦੀ ਪਛਾਣ ਕਰਨ ਅਤੇ ਅਪਰਾਧ ਦੀ ਕਮਾਈ ਨੂੰ ਫ੍ਰੀਜ਼ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਰਗੀਆਂ ਤਕਨਾਲੋਜੀਆਂ ਕਦੋਂ ਲਾਗੂ ਕੀਤੀਆਂ ਜਾਣਗੀਆਂ। ਸੁਪਰੀਮ ਕੋਰਟ ਨੇ ਹੁਕਮ ਦਿੱਤਾ ਕਿ ਅਧਿਕਾਰੀ ਆਈਟੀ ਇੰਟਰਮੀਡੀਅਰੀ ਨਿਯਮ 2021 ਦੇ ਤਹਿਤ ਸੀਬੀਆਈ ਨੂੰ ਪੂਰਾ ਸਹਿਯੋਗ ਪ੍ਰਦਾਨ ਕਰਨਗੇ। ਸੁਪਰੀਮ ਕੋਰਟ ਨੇ ਕਿਹਾ ਕਿ ਜਿਹੜੇ ਰਾਜਾਂ ਨੇ ਅਜੇ ਤੱਕ ਸੀਬੀਆਈ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ, ਉਨ੍ਹਾਂ ਨੂੰ ਆਪਣੇ ਅਧਿਕਾਰ ਖੇਤਰਾਂ ਵਿੱਚ ਆਈਟੀ ਐਕਟ 2021 ਦੇ ਤਹਿਤ ਜਾਂਚ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਤਾਂ ਜੋ ਸੀਬੀਆਈ ਦੇਸ਼ ਭਰ ਵਿੱਚ ਵੱਡੇ ਪੱਧਰ 'ਤੇ ਕਾਰਵਾਈਆਂ ਕਰ ਸਕੇ। ਸੁਪਰੀਮ ਕੋਰਟ ਨੇ ਕਿਹਾ ਕਿ ਜੇ ਲੋੜ ਪਈ ਤਾਂ ਸੀਬੀਆਈ ਇੰਟਰਪੋਲ ਅਧਿਕਾਰੀਆਂ ਤੋਂ ਸਹਾਇਤਾ ਲਵੇਗੀ। ਸੁਪਰੀਮ ਕੋਰਟ ਨੇ ਰਾਜ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਸਾਈਬਰ ਅਪਰਾਧ ਕੇਂਦਰਾਂ ਨੂੰ ਤੇਜ਼ੀ ਨਾਲ ਸਥਾਪਤ ਕਰਨ ਅਤੇ ਜੇਕਰ ਉਨ੍ਹਾਂ ਨੂੰ ਕੋਈ ਰੁਕਾਵਟ ਆਉਂਦੀ ਹੈ ਤਾਂ ਸੁਪਰੀਮ ਕੋਰਟ ਨੂੰ ਸੂਚਿਤ ਕਰਨ। ਆਈਟੀ ਨਿਯਮਾਂ ਦੇ ਤਹਿਤ, ਅਧਿਕਾਰੀਆਂ ਨੂੰ ਵੱਖ-ਵੱਖ ਰਾਜਾਂ ਵਿੱਚ ਸਾਈਬਰ ਅਪਰਾਧਾਂ ਲਈ ਐਫਆਈਆਰ ਵਿੱਚ ਬਰਾਮਦ ਕੀਤੇ ਗਏ ਸਾਰੇ ਫੋਨਾਂ ਦੇ ਮੋਬਾਈਲ ਫੋਨ ਡੇਟਾ ਨੂੰ ਸਟੋਰ ਕਰਨ ਦੇ ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ।



# ਸੱਦਾ ਪੱਤਰ

# 8ਵੀਂ ਬਰਸੀ ਦੀ ਮਿੱਠੀ ਯਾਦ ਮੌਕੇ

## ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ 19 ਦਸੰਬਰ ਨੂੰ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

## ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

# 8ਵੀਂ ਬਰਸੀ ਤੇ ਮਿੱਠੀ ਯਾਦ ਮੌਕੇ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਅਰੰਭ ਸ੍ਰੀ ਅਖੰਡਪਾਠ ਸਾਹਿਬ 19 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਤੇ ਭੋਗ ਸ੍ਰੀ ਅਖੰਡਪਾਠ ਸਾਹਿਬ 21 ਦਸੰਬਰ 2025 ਦਿਨ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਸਿੱਖ ਪ੍ਰਚਾਰਕ ਬਾਬਾ ਬਘੇਲ ਸਿੰਘ ਜੀ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਭਾਈ ਹਰਮੇਲ ਸਿੰਘ ਦਿਲਬਰ ਦਾ ਢਾਡੀ ਜੱਥਾ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਅੱਠਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

--- ✶ ਗੁਰਦੁਆਰਾ ਸਾਹਿਬ ਦਾ ਪਤਾ ✶----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ✶ ਸਤਿਗੁਰੂ ਦੇ ਭਾਣੇ ਵਿੱਚ ✶--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV













## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
Sanjay Foods
Mirch Masala
HSBC
Ladlee Direct
Chai Paani
Ross Walk Launderette
Shiva Shakti Foods
Roopkala Beauty Salon
Cossington Recreation ground
Heena Tailor
Hyderabad Wala - Leicester
Belgrave Neighbourhood Centre
Belgrave Health Centre
Health Centre Car Park
Milans
Brandon Street Surgery
Shiv Sagar Veg
Punjabi Tarka
Shivalaya The Leicestershire Brahma...
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਦਮਦਮੀ ਟਕਸਾਲ ਦੇ ਖਾਲਸਾ ਹਸਪਤਾਲ ਮਹਿਤਾ ਵਿਖੇ

# ਤਿੰਨ ਰੋਜ਼ਾ ਮੁਫ਼ਤ ਮੈਡੀਕਲ ਕੈਂਪ


ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਤਾ ਗੱਦੀ ਸ਼ਤਾਬਦੀ ਮੌਕੇ



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

ਸੰਤ ਗਿਆਨੀ ਗੁਰਬਚਨ ਸਿੰਘ ਜੀ
ਖਾਲਸਾ ਮੈਮੋਰੀਅਲ ਹਸਪਤਾਲ
(ਮਹਿਤਾ ਚੌਂਕ) ਵੱਲੋਂ

ਫ੍ਰੀ ਮੈਡੀਕਲ ਕੈਂਪ
ਮਿਤੀ 30 ਨਵੰਬਰ / 1, 2 ਦਸੰਬਰ 2025
ਦਿਨ ਐਤਵਾਰ/ਸੋਮਵਾਰ/ਮੰਗਲਵਾਰ (ਰੋਜ਼ਾਨਾ ਸਵੇਰੇ 10 ਵਜੇ ਤੋਂ ਦੁਪਿ: 2 ਵਜੇ ਤੱਕ)

ਫ੍ਰੀ ਹੱਡੀਆਂ ਦੀ OPD
ਫ੍ਰੀ ਦੰਦਾਂ ਦੀ OPD
ਫ੍ਰੀ ਜਰਨਲ OPD
ਫ੍ਰੀ ਦੰਦ ਪਟਵਾਉਣ ਦੀ ਸੁਵਿਧਾ



X-Ray ਵਿਚ 70% ਛੂਟ
ਫ੍ਰੀ ਦਵਾਈਆਂ
ਮੈਡੀਕਲ ਟੈਸਟਾਂ ਤੇ 70% ਛੂਟ



(M) 70876-64300, 98767-50784 82830-29496


ਚੌਂਕ ਮਹਿਤਾ, (ਬਾਬਾ ਸੁਖਵੰਤ ਸਿੰਘ ਚੰਨਣਕੇ)- "ਹਿੰਦ ਦੀ ਚਾਦਰ" ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਤਾਗੱਦੀ ਸ਼ਤਾਬਦੀ ਮੌਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਮੈਮੋਰੀਅਲ ਹਸਪਤਾਲ ਮਹਿਤਾ ਚੌਂਕ ਵੱਲੋਂ 30 ਨਵੰਬਰ ਤੋਂ 2 ਦਸੰਬਰ ਤਕ (ਤਿੰਨ ਰੋਜਾ) ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ। ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਵਿੱਚ ਲੱਗਣ ਵਾਲੇ ਇਸ ਮੁਫ਼ਤ ਮੈਡੀਕਲ ਕੈਂਪ ਦੌਰਾਨ ਤਿੰਨੋਂ ਦਿਨ ਰੋਜ਼ਾਨਾ ਸਵੇਰੇ 10 ਤੋਂ ਦੁਪਹਿਰ 2 ਵਜੇ ਤੱਕ ਹੱਡੀਆਂ ਦੀ ਓ.ਪੀ.ਡੀ., ਦੰਦਾਂ ਦੀ ਓ.ਪੀ.ਡੀ. ਅਤੇ ਜਨਰਲ ਓ.ਪੀ.ਡੀ. ਸਮੇਤ ਦੰਦ ਪੁਟਵਾਉਣ ਦੀ ਸੁਵਿਧਾ ਬਿਲਕੁੱਲ ਮੁਫ਼ਤ ਹੋਵੇਗੀ। ਐਕਸਰੇ, ਦਵਾਈਆਂ ਅਤੇ ਮੈਡੀਕਲ ਟੈਸਟਾਂ ਵਿਚ 70 ਫੀਸਦੀ ਤਕ ਦੀ ਛੂਟ ਦਿੱਤੀ ਜਾਵੇਗੀ। ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਇਲਾਕੇ ਦੇ ਮਰੀਜਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।


ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦੁਬਈ ਦੇ ਗੁਰੂ ਨਾਨਕ ਗੁਰਦੁਆਰਾ ਜ਼ਬਲ ਅਲੀ ਅਤੇ ਗੁਰੂ ਨਾਨਕ ਗੁਰਦੁਆਰਾ ਰਸ ਅਲ ਖੈਮਹਾ ਵਿਖੇ

# 350ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ

**ਸਿੰਘ ਸਾਹਿਬ ਗਿ: ਰਘਬੀਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ**























(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਦੁਬਈ ਦੇ ਗੁਰੂ ਨਾਨਕ ਗੁਰਦੁਆਰਾ ਜ਼ਬਲ ਅਲੀ ਅਤੇ ਗੁਰੂ ਨਾਨਕ ਗੁਰਦੁਆਰਾ ਰਸ ਅਲ ਖੈਮਹਾ ਵਿਖੇ 350ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ 29-30 ਨਵੰਬਰ ਨੂੰ ਕਰਵਾਏ ਗਏ ਜਿਸ ਵਿੱਚ ਸਿੰਘ ਸਾਹਿਬ ਗਿ: ਰਘਬੀਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ ਇਸ ਸਮੇਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਵੱਲੋਂ ਹਾਜ਼ਰੀ ਭਰੀ ਗਈ ਅਤੇ ਸਮਾਗਮ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ,ਸੱਚਖੰਡ ਸ੍ਰੀ ਹਜ਼ੂਰ ਸਾਹਿਬ,ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ, ਗੁਰਦੁਆਰਾ ਸਿੰਘ ਸਭਾ ਦਾਦਰ ਬੰਬੇ,ਲੰਡਨ,ਇਟਲੀ,ਇੰਡੀਆ,ਬਹਿਰੀਨ ਸਮੇਤ 12 ਦੇਸ਼ਾਂ ਦੀਆਂ ਸਿੱਖ ਸੰਗਤਾਂ ਵੱਲੋਂ ਹਾਜ਼ਰੀ ਭਰੀ ਗਈ ਗੁਰੂ ਘਰ ਦੇ ਮੁਖ ਸੇਵਾਦਾਰ ਸਰਦਾਰ ਸੁਰਿੰਦਰ ਸਿੰਘ ਕੰਧਾਰੀ ਵੱਲੋਂ ਸਿਰਪਾਉ ਸਨਮਾਨ ਚਿੰਨ ਭੇਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ਸਨਮਾਨਿਤ ਹੋਣ ਵਾਲਿਆਂ ਵਿੱਚ ਸਿੰਘ ਸਾਹਿਬ ਜੀ ਅਤੇ ਜਥੇਦਾਰ ਦਾਦੂਵਾਲ ਜੀ ਤੋਂ ਇਲਾਵਾ ਲਖਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਪਟਨਾ ਸਾਹਿਬ ਕਮੇਟੀ,ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ,ਇੰਦਰਜੀਤ ਸਿੰਘ ਜਰਨਲ ਸਕੱਤਰ ਪਟਨਾ ਸਾਹਿਬ ਕਮੇਟੀ,ਗੁਰਪ੍ਰਸਾਦ ਸਿੰਘ ਫ਼ਰੀਦਾਬਾਦ,ਜਗਜੀਤ ਸਿੰਘ ਯਮੁਨਾਨਗਰ,ਪਰਵਿੰਦਰ ਸਿੰਘ ਪਸਰੀਚਾ,ਜਸਬੀਰ ਸਿੰਘ ਧਾਮ,ਹਿਸਟੋਰੀਅਨ ਸਿਮਰ ਸਿੰਘ,ਅਮਰਜੀਤ ਸਿੰਘ ਮਸਕੀਨ ਅਲਵਰ,ਅਮਰੀਕ ਸਿੰਘ ਕੂਨਰ ਅਕਾਲ ਚੈਨਲ ਯੂਕੇ,ਵਿਕਰਮ ਸਿੰਘ ਸੋਢੀ ਸਮੇਤ ਅਨੇਕਾਂ ਸ਼ਖ਼ਸੀਅਤਾਂ ਸ਼ਾਮਲ ਸਨ। (**ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ, ਯੂ. ਕੇ.**)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਦੁਬਈ ਦੇ ਗੁਰੂ ਨਾਨਕ ਗੁਰਦੁਆਰਾ ਜ਼ਬਲ ਅਲੀ ਅਤੇ ਗੁਰੂ ਨਾਨਕ ਗੁਰਦੁਆਰਾ ਰਸ ਅਲ ਖੈਮਹਾ ਵਿਖੇ

# 350ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ

## ਸਿੰਘ ਸਾਹਿਬ ਗਿ: ਰਘਬੀਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ













ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਫਰੈਂਕਫਰਟ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ

# ਤਿੰਨ ਗੁਰਸਿੱਖਾਂ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਸਮਾਗਮ



**ਫਰੈਂਕਫਰਟ, 1 ਦਸੰਬਰ (ਸਰਬਜੀਤ ਸਿੰਘ ਬਨੂੜ)-** ਸਮੁੱਚੀ ਮਾਨਵਤਾ ਦੀ ਧਾਰਮਿਕ ਅਜਾਦੀ, ਮਨੁੱਖੀ ਅਧਿਕਾਰਾਂ ਅਤੇ ਨਿਰਭਉ ਜੀਵਨ ਦੀ ਪ੍ਰੇਰਣਾ ਬਣੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਮਹਾਨ ਸ਼ਹਾਦਤ ਦੇ 350 ਸਾਲ ਪੂਰੇ ਹੋਣ ਉਪਰੰਤ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਹਜ਼ੂਰੀ ਰਾਗੀ ਭਾਈ ਲਖਵੀਰ ਸਿੰਘ, ਭਾਈ ਚਮਕੌਰ ਸਿੰਘ ਜਥੇ ਅਤੇ ਬੱਚਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸ਼ਰਧਾਂਜਲੀ ਭੇਟ ਕੀਤੀ। ਭਾਈ ਤਰਸੇਮ ਸਿੰਘ ਦੇ ਜਥੇ ਨੇ ਕਵੀਸ਼ਰੀ ਵਾਰਾਂ ਰਾਹੀਂ ਸ਼ਹਾਦਤ ਦਾ ਇਤਿਹਾਸ ਸੰਗਤ ਅੱਗੇ ਰੱਖਿਆ। ਗੁਰਮਤਿ ਵੀਚਾਰ ਪੇਸ਼ ਕਰਦੇ ਹੋਏ ਭਾਈ ਗੁਰਭੇਜ ਸਿੰਘ ਅਨੰਦਪੁਰੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਿਰਫ਼ "ਹਿੰਦ ਦੀ ਚਾਦਰ" ਤੱਕ ਸੀਮਿਤ ਕਰਨਾ ਸਹੀ ਨਹੀਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ "ਸ੍ਰਿਸ਼ਟੀ ਦੀ ਚਾਦਰ" ਸਨ, ਜਿਨ੍ਹਾਂ ਨੇ ਮਨੁੱਖੀ ਆਜ਼ਾਦੀ ਅਤੇ ਅਧਿਕਾਰਾਂ ਲਈ ਆਪਣੀ ਜਾਨ ਨਿਔਛਾਵਰ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਇਤਿਹਾਸਕ ਪਰਿਪੇਖ ਵਿੱਚ ਦੱਸਿਆ ਕਿ ਕਸ਼ਮੀਰੀ ਪੰਡਤਾਂ ਨੇ ਧਰਮ ਪਰਿਵਰਤਨ ਦੇ ਖ਼ਤਰੇ ਤੋਂ ਬਚਣ ਲਈ ਹਿੰਦੂ ਰਾਜਿਆਂ ਦੀ ਬਜਾਏ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਨ ਲਈ। ਉਨ੍ਹਾਂ ਕਿਹਾ ਕਿ ਇਹ ਉਸ ਸਮੇਂ ਗੁਰੂ ਸਾਹਿਬ ਦੀ ਸਰਬੋਚਤਾ ਅਤੇ ਨਿਆਇਕ ਸਥਿਤੀ ਦਾ ਪ੍ਰਮਾਣ ਹੈ। ਉਨ੍ਹਾਂ ਮੌਜੂਦਾ ਸੰਦਰਭ 'ਤੇ ਸਵਾਲ ਉਠਾਉਂਦੇ ਕਿਹਾ ਕਿ ਕਸ਼ਮੀਰ ਵਿੱਚ ਮੁਸਲਿਮਾਂ ਅਤੇ ਸਿੱਖ ਕੌਮ ਉੱਤੇ ਹੋ ਰਹੇ ਦਬਾਅ, ਧਾਰਮਿਕ-ਸਮਾਜਿਕ ਪਾਬੰਦੀਆਂ ਅਤੇ ਆਰਥਿਕ-ਰਾਜਸੀ ਘੇਰਾਬੰਦੀ ਦੀ ਸਥਿਤੀ ਪਿਛਲੇ ਜ਼ਮਾਨੇ ਦੇ ਜ਼ੁਲਮਾਂ ਨਾਲ ਮਿਲਦੀ-ਜੁਲਦੀ ਹੈ। ਉਨ੍ਹਾਂ ਕਿਹਾ ਕਿ "ਅੱਜ ਦਾ ਔਰੰਗਜੇਬ ਸਿਰਫ ਭੇਸ ਬਦਲ ਚੁੱਕਾ ਹੈ। ਇਸ ਮੌਕੇ ਸਟੇਜ ਦੀ ਸੇਵਾ ਹੀਰਾ ਸਿੰਘ ਮੱਤੇਵਾਲ ਨੇ ਨਿਭਾਈ। ਗੁਰਦੁਆਰਾ ਕਮੇਟੀ ਦੇ ਮੈਂਬਰ ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਸਤਨਾਮ ਸਿੰਘ ਬਾਈਰਾਟਸ, ਭਾਈ ਨਰਿੰਦਰ ਸਿੰਘ, ਹਰਤਾਜ ਸਿੰਘ ਗਾੜਾ, ਬੱਬਾ ਸਿੰਘ ਗਿੱਲ ਅਤੇ ਦਲੇਰ ਸਿੰਘ ਮੁਲਤਾਨੀ ਸਮਾਗਮ ਦੌਰਾਨ ਹਾਜ਼ਰ ਰਹੇ।

### ਵਰਲਡ ਸਿੱਖ ਪਾਰਲੀਮੈਂਟ ਵੱਲੋਂ ਜਰਮਨ ਭਾਸ਼ਾ ਵਿੱਚ ਲਿਟਰੇਚਰ ਜਾਰੀ, ਨੌਜਵਾਨੀ ਨੂੰ ਸ਼ਹਾਦਤ ਦੇ ਫਲਸਫੇ ਨਾਲ ਜੋੜਨ ਦੀ ਕੋਸ਼ਿਸ਼

**ਜਰਮਨ ਭਾਸ਼ਾ ਵਿੱਚ ਲਿਟਰੇਚਰ ਜਾਰੀ , ਨੌਜਵਾਨੀ ਨਾਲ ਗੱਲਬਾਤ ਦੀ ਨਵੀਂ ਕੋਸ਼ਿਸ਼ :** ਸੰਗਤ ਦੇ ਸਹਿਯੋਗ ਨਾਲ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਇਸ ਮੌਕੇ ਜਰਮਨ ਭਾਸ਼ਾ ਵਿੱਚ ਇੱਕ ਛੋਟਾ ਪਰ ਮਹੱਤਵਪੂਰਨ ਕਿਤਾਬਚਾ ਜਾਰੀ ਕੀਤਾ ਗਿਆ, ਜਿਸ ਵਿੱਚ ਸ਼ਹਾਦਤ ਦੇ ਫਲਸਫੇ ਅਤੇ ਮਨੁੱਖੀ ਹੱਕਾਂ ਦੀ ਰੱਖਿਆ ਵਿੱਚ ਗੁਰੂ ਸਾਹਿਬ ਜੀ ਦੀ ਭੂਮਿਕਾ ਬਾਰੇ ਸੌਖੀ ਅਤੇ ਸਪੱਸ਼ਟ ਜਾਣਕਾਰੀ ਦਿੱਤੀ ਗਈ ਹੈ। ਸਮਾਗਮ ਦੌਰਾਨ ਗੁਰਬਾਣੀ ਦੇ ਸ਼ਬਦ ਜਰਮਨ ਅਨੁਵਾਦ ਸਹਿਤ ਸਲਾਈਡਾਂ ਰਾਹੀਂ ਵੀ ਦਿਖਾਏ ਗਏ।

### ਪਠਲਾਵਾ ਸੰਸਥਾ ਵਲੋਂ ਸਰਕਾਰੀ ਹਾਈ ਸਕੂਲ ਪਠਲਾਵਾ ਮੋਰਾਂਵਾਲੀ ਦੇ

# ਸਮੂਹ ਬੱਚਿਆਂ ਨੂੰ ਗਰਮ ਜਰਸੀਆਂ ਅਤੇ ਬੂਟੇ ਵੰਡੇ







ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਸਰਕਾਰੀ ਹਾਈ ਸਕੂਲ ਪਠਲਾਵਾ ਮੋਰਾਂਵਾਲੀ ਦੇ ਸਮੂਹ ਵਿਦਿਆਰਥੀਆਂ ਨੂੰ ਸਰਦੀਆਂ ਤੋਂ ਬਚਾਅ ਲਈ ਗਰਮ ਜਰਸੀਆਂ ਅਤੇ ਬੂਟਾਂ ਦੀ ਵੰਡ ਕੀਤੀ ਗਈ। ਇਸ ਅਵਸਰ ਤੇ ਸਕੂਲ ਦੇ ਵਿਹੜੇ ਵਿਚ ਇਕ ਸਾਦਾ ਸਮਾਗਮ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਅਤੇ ਸਕੂਲ ਦੇ ਕਾਰਜਕਾਰੀ ਹੈੱਡ ਮਿਸਟਰੈਸ ਸ੍ਰੀਮਤੀ ਸੀਮਾ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ ਵਾਰੀਆ ਨੇ ਆਖਿਆ ਇਹ ਉਹ ਸਕੂਲ ਹੈ ਜਿਥੋਂ ਮੇਰੇ ਸਮੇਤ ਸੰਸਥਾ ਦੇ ਲਗਭਗ ਸਾਰੇ ਅਹੁਦੇਦਾਰਾਂ ਨੇ ਤਾਲੀਮ ਹਾਸਿਲ ਕਰਕੇ ਇਕ ਸਨਮਾਨਯੋਗ ਰੁਤਬਾ ਹਾਸਿਲ ਕੀਤਾ ਹੈ ਇਸ ਲਈ ਅਸੀਂ ਇਸ ਵਿਦਿਆ ਰੂਪੀ ਮੰਦਿਰ ਦੇ ਕਰਜ਼ਦਾਰ ਹਾਂ । ਸੰਸਥਾ ਦੇ ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਹਰ ਇਨਸਾਨ ਨੂੰ ਉਹਨਾਂ ਸੰਸਥਾਵਾਂ ਦੇ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ ਜਿਥੋਂ ਤੁਸੀਂ ਵਿਦਿਆ ਗ੍ਰਹਿਣ ਕਰਕੇ ਇਕ ਸਫਲ ਇਨਸਾਨ ਬਨਣ ਦਾ ਰੁਤਬਾ ਹਾਸਿਲ ਕੀਤਾ ਹੈ। ਸਕੂਲ ਦੇ ਮੁਲਾਜ਼ਮ ਸ੍ਰੀ ਸੰਦੀਪ ਕੁਮਾਰ ਗੌੜ ਜੀ ਜੋ ਕੁਝ ਹੀ ਮਹੀਨਿਆਂ ਤੋਂ ਇਸ ਸਕੂਲ ਵਿੱਚ ਆਏ ਹਨ ਵਲੋਂ ਸਕੂਲ ਦੀ ਬੇਹਤਰੀ ਅਤੇ ਕਾਮਯਾਬੀ ਲਈ ਸਿਰਤੌੜ ਯਤਨ ਕੀਤੇ ਜਾ ਰਹੇ ਹਨ। ਇਸ ਅਵਸਰ ਤੇ ਪਿੰਡ ਪਠਲਾਵਾ ਦੇ ਸਾਬਕਾ ਸਰਪੰਚ ਗਿਆਨੀ ਅਵਤਾਰ ਸਿੰਘ ਨੇ ਆਪਣਾ ਜਨਮ ਦਿਨ ਸਕੂਲ ਦੇ ਵਿਦਿਆਰਥੀਆਂ ਨੂੰ ਫਲ ਵੰਡ ਕੇ ਮਨਾਇਆ ਗਿਆ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸਾਇੰਸ ਮਾਸਟਰ ਬਲਜਿੰਦਰ ਸਿੰਘ ਮਜਾਰਾ ਡੀਂਗਰੀਆਂ, ਮੈਡਮ ਏਕਤਾ,ਮੈਡਮ ਆਰਤੀ ਸ਼ਰਮਾ,ਮੈਡਮ ਮਨਜਿੰਦਰ ਕੌਰ ਮੋਰਾਂਵਾਲੀ,ਸੰਸਥਾ ਦੇ ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ ਵੀ ਹਾਜ਼ਿਰ ਸਨ



**-ਵਿਸ਼ੇਸ਼ ਰਿਪੋਰਟ ਹਰਪ੍ਰੀਤ ਸਿੰਘ ਪਠਲਾਵਾ**

## ਸ਼੍ਰੋ ਅਕਾਲੀਦਲ ਪੁਨਰਸੁਰਜੀਤ ਵੱਲੋ ਮੁੱਖ ਦਫਤਰ ਦੀ ਸ਼ੁਰੂਆਤ ਕਰਨ ਲਈ ਅੰਮ੍ਰਿਤਸਰ ਸਾਹਿਬ ਵਿੱਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ : ਇਕਬਾਲ ਸਿੰਘ ਤੁੰਗ



**ਅੰਮ੍ਰਿਤਸਰ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)-** ਸੀਨੀਅਰ ਮੀਤ ਪ੍ਰਧਾਨ ਸ਼੍ਰੋ ਅਕਾਲੀਦਲ ਪੁਨਰਸੁਰਜੀਤ ਭਾਈ ਮਨਜੀਤ ਸਿੰਘ ਜੀ ਵੱਲੋ ਜਾਰੀ ਬਿਆਨ ਵਿੱਚ ਦੱਸਿਆ ਗਿਆ ਹੈ ਕਿ 40-45 ਸਾਲਾ ਬਾਦ ਜੋ ਸ਼੍ਰੋ ਅਕਾਲੀਦਲ ਦਾ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੁੰਦਾ ਸੀ ਦਾ ਰਸਮੀ ਉਦਘਾਟਨ ਸਮਾਰੋਹ ਮਿੱਤੀ 2 ਦਸੰਬਰ ਦਿਨ ਮੰਗਲਵਾਰ ਸਵੇਰ ਸਮੇ 10 ਵੱਜੇ ਵਾਹਿਗੁਰੂ ਸਾਹਿਬ ਜੀਓ ਦਾ ਓਟ ਆਸਰਾ ਲੈਕੇ ਸ੍ਰੀ ਅਖੰਡ ਪਾਠ ਸਾਹਿਬ ਜੀਓ ਦੇ ਭੋਗ ਪਾਏ ਜਾਣ ਉਪਰੰਤ ਪਾਰਟੀ ਪ੍ਰਦਾਨ ਗਿਆਨੀ ਹਰਪ੍ਰੀਤ ਸਿੰਘ ਜੀ ਸਮੇਤ ਸਮੁੱਚੀ ਸਿੱਖ ਲੀਡਰਸ਼ਿਪ ਸਾਥੀਆ ਨੂੰ ਨਾਲ ਲੈਕੇ ਕਰਨ ਗੇ ਜੋ 30 ਨਵੰਬਰ ਐਤਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਏ ਹਨ ਇਹ ਮੁੱਖ ਦਫਤਰ ਸ਼੍ਰੋ ਅਕਾਲੀਦਲ ਸਿੱਟੀ ਸੈਂਟਰ ਸਾਮਨੇ ਪਿੰਗਲ ਵਾੜਾ ਭਗਤ ਪੂਰਨ ਸਿੰਘ ਜੀ ਨਜਦੀਕ ਬੱਸ ਸਟੈਂਡ ਅੰਮ੍ਰਿਤਸਰ ਸਾਹਿਬ ਵਿੱਖੇ ਹੈ ਭਾਈ ਮਨਜੀਤ ਸਿੰਘ ਜੀ ਵੱਲੋ ਸਮੂਹ ਅਕਾਲੀ ਲੀਡਰਸ਼ਿਪ ਸਮੇਤ ਪਾਰਟੀ ਦੀ ਰੀੜ੍ਹ ਦੀ ਹੱਡੀ ਵਰਕਰ ਸਹਿਬਾਨ ਨੂੰ 2 ਦਸੰਬਰ ਦਿਨ ਮੰਗਲਵਾਰ ਸਵੇਰੇ 10 ਵੱਜੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਸ੍ਰੀ ਅਖੰਡ ਪਾਠ ਸਾਹਿਬ ਜੀਓ ਦੇ ਭੋਗ ਉਪਰੰਤ ਚਾਹ ਪਾਣੀ ਲੰਗਰ ਪ੍ਰਸ਼ਾਦਾ ਆਈ ਸਾਧ ਸੰਗਤ ਨੂੰ ਛਕਾਇਆ ਜਾਏਗਾ।

**- ਇਕਬਾਲ ਸਿੰਘ ਤੁੰਗ ਅੰਮ੍ਰਿਤਸਰ ਆਵਾਜਿ ਕੌਮ ਯੂ ਕੇ**

## ਸੱਤਾ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਬਲਾਕ ਸੰਮਤੀ ਜੋਨ ਕਾਂਝਲਾ ਤੋਂ ਉਮੀਦਵਾਰ ਐਲਾਨਿਆ



**ਧੂਰੀ (ਰਣਜੀਤ ਸਿੰਘ ਪੇਧਨੀ )-**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦਾਂ ਤੇ ਬਲਾਕ ਸੰਮਤੀ ਦੀਆਂ ਚੋਣਾਂ ਬੜੇ ਹੀ ਸੁਚੱਜੇ ਢੰਗ ਨਾਲ ਲੜੀਆਂ ਜਾ ਰਹੀਆਂ ਹਨ। ਵਿਧਾਨ ਸਭਾ ਹਲਕਾ ਧੂਰੀ ਤੋਂ ਹਲਕਾ ਇੰਚਾਰਜ ਸ, ਰਣਜੀਤ ਸਿੰਘ ਰੰਧਾਵਾ ਵੱਲੋਂ ਇਸੇ ਹੀ ਤਹਿਤ ਬਲਾਕ ਸੰਮਤੀ ਜੋਨ ਕਾਂਝਲਾ ਤੋਂ ਸਵਿੰਦਰ ਸਿੰਘ ਸੱਤਾ ਨੂੰ ਉਮੀਦਵਾਰ ਬਣਾਇਆਂ ਗਿਆ ਹੈ। ਇਸ ਮੌਕੇ ਸਮਾਜ ਸੇਵੀ ਟਕਸਾਲੀ ਅਕਾਲੀ ਲਾਲ ਕਾਂਝਲਾ, ਪ੍ਰਧਾਨ ਦਰਸ਼ਨ ਸਿੰਘ ਕਾਂਝਲਾ ,ਜਗਰੂਪ ਸਿੰਘ ਲੱਡਾ,ਗੁਰਦਿਆਲ ਸਿੰਘ ਕਾਂਝਲਾ,ਮਿੱਠੂ ਲੱਡਾ,ਜਗਜੀਤ ਸਿੰਘ ਘਨੌਰੀ ਸਾਬਕਾ ਸਰਪੰਚ ਸਰਬਜੀਤ ਸਿੰਘ ਹਾਜ਼ਰ ਸਨ।

## ਗੋਲਡੀ, ਸੰਘਰੇੜੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਿਤਾਉਣ ਦੀ ਅਪੀਲ

### ਰਣਜੀਤ ਸਿੰਘ ਰੰਧਾਵਾ ਨੂੰ ਹਲਕਾ ਇੰਚਾਰਜ ਬਣਨ 'ਤੇ ਹਲਕੇ ਨੇ ਇਕੱਠ ਕਰਕੇ ਕੀਤਾ ਸਨਮਾਨ



**ਧੂਰੀ ( ਰਣਜੀਤ ਸਿੰਘ ਪੇਧਨੀ )-**ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਵੀਰ ਸਿੰਘ ਬਾਦਲ ਵੱਲੋਂ ਧੂਰੀ ਹਲਕੇ ਤੋਂ ਨਵ ਨਿਯੁਕਤ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਵੱਲੋਂ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹਲਕਾ ਇੰਚਾਰਜ ਬਣਨ 'ਤੇ ਹਲਕੇ ਵੱਲੋਂ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ। ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਨਰਲ ਸਕੱਤਰ ਵਿੰਨਰਜੀਤ ਸਿੰਘ ਗੋਲਡੀ ਅਤੇ ਜਿਲਾਂ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਵੱਖ-ਵੱਖ ਬੁਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਰਣਜੀਤ ਸਿੰਘ ਰੰਧਾਵਾ ਇਮਾਨਦਾਰ ਪੜੇ ਲਿਖੇ ਇਨਸਾਨ ਹਨ ਜਿਨਾਂ ਨੂੰ ਬਾਦਲ ਸਾਬ ਨੇ ਹਲਕੇ ਦੀ ਸੇਵਾ ਕਰਨ ਦਾ ਮੌਕਾ ਦਿੱਤਾ। ਉਹਨਾਂ ਇਕੱਤਰਾਂ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਤਨ ਮਨ ਧਨ ਤੋਂ ਹਲਕੇ ਦੀ ਸੇਵਾ ਦੇ ਲਈ ਰਣਜੀਤ ਸਿੰਘ ਰੰਧਾਵਾ ਦਾ ਸਾਥ ਦੇਣ ਅਤੇ ਆਉਣ ਵਾਲੀਆਂ ਬਲਾਕ ਸੰਮਤੀ ਜਿਲ੍ਹਾ ਪਰਿਸ਼ਦ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਉਣ ਤਾਂ ਕਿ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਨਿਰੋਲ ਸਰਕਾਰ ਬਣ ਸਕੇ। ਇਸ ਮੌਕੇ ਰਵੀ ਈਸੜਾ, ਜਗਰੂਪ ਸਿੰਘ ਲੱਡਾ, ਨਿਰਭੈ ਸਿੰਘ, ਬਿਰਜ ਲਾਲ ਕਾਂਝਲਾ, ਦਰਸਨ ਸਿੰਘ ਕਾਂਝਲਾ, ਸਰਵਨ ਸਿੰਘ ਮੱਲੂਮਾਜਰਾ , ਡਾਕਟਰ ਜਗਜੀਤ ਸਿੰਘ ਘਨੌਰੀ, ਜਗਰੂਪ ਸਿੰਘ,ਗੋਲਡੀ ਧੂਰੀ, ਜਗਜੀਤ ਸਿੰਘ ਲੱਡਾ, ਕਰਮਜੀਤ ਸਿੰਘ ਪਲਾਸੌਰ, ਸਰਬਜੀਤ ਸਿੰਘ ਕਾਤਰੋਂ, ਦਰਸਨ ਸਿੰਘ ਵਿਰਦੀ, ਠੇਕੇਦਾਰ ਜੱਸਾ ਧੂਰੀ, ਜਗਜੀਤ ਸਿੰਘ ਲੀਲਾ ਬੁੱਗਰਾ, ਹੈਪੀ ਘਨੌਰੀ, ਗੁਰਬਖ਼ਸ਼ ਸਿੰਘ ਰੰਧਾਵਾ, ਸੂਬੇਦਾਰ ਮਣੀ ਸਿੰਘ, ਗੁਰਦਿਆਲ ਸਿੰਘ ਕਾਂਝਲਾ ਹਾਜ਼ਰ ਸਨ।

## ਕੈਨੇਡੀਅਨ ਸਿੱਖਾਂ ਵਲੋਂ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦਾ

# ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਵੈਨਕੂਵਰ ਅਤੇ ਲਛਮੀ ਨਰਾਇਣ ਮੰਦਰ ਸਰੀ ਦੇ ਬਾਹਰ ਭਾਰੀ ਵਿਰੋਧ



**ਨਵੀਂ ਦਿੱਲੀ 1 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-** ਕੈਨੇਡਾ ਦੀ ਖਾਲਸਾ ਦੀਵਾਨ ਸੋਸਾਇਟੀ ਰੋਸ ਗੁਰਦੁਆਰਾ ਵੈਨਕੂਵਰ ਵੱਲੋਂ 29 ਨਵੰਬਰ ਨੂੰ ਅਤੇ 30 ਨਵੰਬਰ ਨੂੰ ਲਕਸ਼ਮੀ ਨਰਾਇਣ ਮੰਦਰ ਸਰੀ ਦੇ ਪ੍ਰਬੰਧਕਾਂ ਵੱਲੋਂ ਭਾਰਤੀ ਕੌਂਸਲਰ ਵੈਨਕੂਵਰ ਦੀ ਟੀਮ ਨੂੰ ਸਦਕੇ ਲਾਈਫ ਸਰਟੀਫਿਕੇਟ ਵੰਡਣ ਲਈ ਕੈਂਪ ਲਾਉਣ ਲਈ ਬੁਲਾਇਆ ਗਿਆ ਸੀ ਜਿਸ ਦਾ ਪਤਾ ਲੱਗਣ ਤੇ ਟੀਮ ਭਾਈ ਨਿੱਝਰ ਦੇ ਨਾਲ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੈਂਬਰ ਅਤੇ ਖ਼ਾਲਿਸਤਾਨ ਸਮਰਥਕਾਂ ਨੇ ਉਥੇ ਪੁੱਜ ਕੇ ਭਾਰਤੀ ਕੌਂਸਲੇਟ ਦਾ ਜ਼ੋਰਦਾਰ ਵਿਰੋਧ ਕੀਤਾ।ਇਥੇ ਦੱਸਣਯੋਗ ਹੈ ਕਿ ਆਜ਼ਾਦੀਪਸੰਦ ਸਰਮਥਕਾਂ ਨੂੰ ਰੋਕਣ ਲਈ ਖ਼ਾਲਸਾ ਦੀਵਾਨ ਸੋਸਾਇਟੀ ਅਤੇ ਮੰਦਰ ਦੀਆਂ ਵਿਕਾਊ ਕਮੇਟੀਆਂ ਵੱਲੋਂ 100 ਮੀਟਰ ਦੀ ਦੂਰੀ ਤੇ ਬੈਰੀਅਰ ਬਣਾਏ ਗਏ ਕਿ ਵਿਰੋਧ ਕਰਣ ਲਈ ਟੀਮ ਭਾਈ ਨਿੱਝਰ ਦੇ ਮੈਂਬਰ ਅੰਦਰ ਨਾ ਆ ਸਕਣ ਦੇ ਬਾਵਜੂਦ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਵੈਨਕੂਵਰ ਦੇ ਭਾਰਤੀ ਕੌਂਸਲੇਟ ਵੱਲੋਂ ਸਰਕਾਰੀ ਪ੍ਰੋਗਰਾਮ ਉੱਪਰ ਐਸਐਫਜੇ-ਪੱਖੀ ਸਿੱਖਾਂ ਨੇ ਵੱਡੀ ਪੱਧਰ ਤੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਦਸਣਯੋਗ ਹੈ ਕਿ ਕੈਨੇਡਾ ਦੀ ਧਰਤੀ 'ਤੇ ਭਾਰਤ ਵਲੋਂ ਚਲਾਏ ਜਾ ਰਹੇ ਅੱਤਵਾਦੀ ਨੈੱਟਵਰਕ ਨੂੰ ਬੰਦ ਕਰਨ ਲਈ ਖਾਲਿਸਤਾਨੀ ਪੱਖੀ ਸਿੱਖ ਇਹਨਾਂ ਭਾਰਤੀ ਕਾਉਂਸਲੇਟਾਂ ਦਾ ਹਰੇਕ ਜਗ੍ਹਾ ਜਾ ਕੇ ਵਿਰੋਧ ਕਰਦੇ ਹਨ ਜੋ ਇਹ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਘੁਸਪੈਠ ਕਰਕੇ ਲਾਈਫ ਸਰਟੀਫਿਕੇਟ ਜਾਂ ਹੋਰ ਕਾਗਜ਼ਾਤ ਵੰਡਣ ਦੇ ਬਹਾਨੇ ਆਉਂਦੇ ਹਨ, ਗੁਰਦੁਆਰੇ ਦੇ ਬਾਹਰ ਸਿੱਖਾਂ ਨੇ ਤਿਰੰਗੇ ਝੰਡੇ ਦੀ ਬੇਹੁਰਮਤੀ ਕੀਤੀ ਅਤੇ ਖਾਲਿਸਤਾਨ ਦੀ ਜੰਮ ਕੇ ਨਾਅਰੇਬਾਜ਼ੀ ਕੀਤੀ। ਭਾਰਤੀ ਹਕੂਮਤ ਅਤੇ ਉਸ ਦੇ ਕਰਿੰਦੇ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਵਿੱਚ ਸ਼ਾਮਲ ਹਨ ਜੋ ਕਿ ਕੈਨੇਡਾ ਦੀ ਧਰਤੀ ਤੇ ਦਖਲ-ਅੰਦਾਜ਼ੀ ਕਰਕੇ ਕੈਨੇਡਾ ਲਈ ਵੀ ਖ਼ਤਰਾ ਬਣ ਚੁੱਕੇ ਹਨ। ਖ਼ਾਲਸਾ ਦੀਵਾਨ ਸੋਸਾਇਟੀ ਵੱਲੋਂ ਅਜਿਹਾ ਪ੍ਰੋਗਰਾਮ ਕਰਵਾਉਣਾ ਅਤੇ ਉਸ ਵਿਚ ਭਾਰਤੀ ਕੌਂਸਲੇਟ ਅਤੇ ਉਸ ਦੇ ਕਰਿੰਦਿਆਂ ਨੂੰ ਬੁਲਾਵਾ ਦੇਣਾ ਬੇਹੱਦ ਹੀ ਨਿੰਦਣਯੋਗ ਹੈ। ਇਸ ਰੋਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਦਲਜੀਤ ਸਿੰਘ, ਭਾਈ ਜੈਗ ਸਿੰਘ, ਭਾਈ ਅਜੈਪਾਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਰਨੈਲ ਸਿੰਘ, ਭਾਈ ਬਹਾਦਰ ਸਿੰਘ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।

**ਖਾਲਸਾ ਦੀਵਾਨ ਸੋਸਾਇਟੀ ਨੇ ਭਾਰਤੀ ਕੌਂਸਲੇਟ ਵੈਨਕੂਵਰ ਦੀ ਟੀਮ ਨੂੰ ਗੁਰੂ ਘਰ ਵਿਚ ਸੱਦਾ ਦੇਕੇ ਕੌਮ ਨਾਲ ਕੀਤੀ ਗੱਦਾਰੀ ਅਤੇ ਵਿਸ਼ਵਾਸਘਾਤ**

## ਇੰਗਲੈਂਡ ਦੀ ਧਰਤੀ ਤੇ ਯਾਦਗਾਰੀ ਹੋ ਨਿਬੜਿਆ ਗੁਰਦੁਆਰਾ ਬਾਬੇ ਕੇ ਹੋਕਲੀ ਬਰਮਿੰਘਮ ਬੀ 19 ਵਨ ਏ.ਏ ਸੋਹੋ ਵਿਖੇ ਸ਼ਤਾਬਦੀ ਸਮਾਗਮ ਅਤੇ ਸੰਤ ਬਾਬਾ ਨਾਹਰ ਸਿੰਘ ਜੀ ਦੀ

# 18ਵੀਂ ਬਰਸੀ ਸਮਾਗਮ ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਖਾਂ ਅਤੇ ਸੰਗਤਾਂ ਨੇ ਲੁਆਈ ਹਾਜ਼ਰੀ

**ਫ਼ਿਰੋਜ਼ਪੁਰ, 01 ਦਸੰਬਰ (ਮਨੋਹਰ ਲਾਲ) :—** ਇੰਗਲੈਂਡ ਦੀ ਧਰਤੀ ਤੇ ਯਾਦਗਾਰੀ ਹੋ ਨਿਬੜਿਆ ਗੁਰਦੁਆਰਾ ਬਾਬੇ ਕੇ ਹੋਕਲੀ ਬਰਮਿੰਘਮ ਬੀ 19 ਵਨ ਏ.ਏ ਸੋਹੋ ਵਿਖੇ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲ ਸਿੰਘ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਅਤੇ ਸ੍ਰੀਮਾਨ ਸੰਤ ਬਾਬਾ ਨਾਹਰ ਸਿੰਘ ਜੀ ਦੀ 18ਵੀਂ ਬਰਸੀ ਸਮਾਗਮ ਜ਼ੋ ਕਿ 24 ਨਵੰਬਰ ਤੋਂ 30 ਨਵੰਬਰ ਤੱਕ ਚੱਲ ਰਹੇ ਹਨ। ਅੱਜ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਸਿੱਖ ਪੰਥ ਦੇ ਮਹਾਨ ਸੰਤ ਮਹਾਂਪੁਰਸ਼, ਰਾਗੀ, ਕਥਾਵਾਚਕ, ਢਾਡੀ ਜਥੇ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਤਿੰਨ ਲੜੀਆਂ ਵਿਚ ਪਾਠ ਕਰਵਾਏ ਗਏ। ਇਸ ਮੌਕੇ ਤੇ ਸਿੱਖ ਕੌਮ ਦੇ ਮਹਾਨ ਸਖਸ਼ੀਅਤਾਂ ਰਾਗੀ, ਢਾਡੀ, ਕਥਾਵਾਚਕ ਜਥਿਆਂ ਨੇ ਵਿਸ਼ੇਸ਼ ਤੌਰ ਤੇ ਸ਼ਤਾਬਦੀ ਸਮਾਗਮ ਵਿਚ ਪਹੁੰਚੇ, ਜਿਨ੍ਹਾਂ ਵਿਚ ਸੰਤ ਬਾਬਾ ਸੁਖਜੀਤ ਸਿੰਘ ਜੀ ਸੀਚੇਵਾਲ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ ਵਾਲੇ, ਭਾਈ ਕਮਲਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕੁਲਵੀਰ ਸਿੰਘ ਜਲੰਧਰ ਵਾਲੇ, ਭਾਈ ਹਰਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਾਲੇ ਵੱਖ-ਵੱਖ ਦਿਨਾਂ ਵਿਚ ਹਾਜ਼ਰੀ ਭਰੀ। ਇਸ ਮੌਕੇ ਤੇ ਗੁਰਦੁਆਰਾ ਬਾਬੇ ਕੇ ਹੋਕਲੀ ਦੇ ਪ੍ਰਬੰਧਕਾਂ ਨੇ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ, ਨਗਿੰਦਰ ਸਿੰਘ ਧੰਜਲ ਨੇ ਆਏ ਹੋਏ ਸਿੰਘ ਸਾਹਿਬਾਨਾਂ, ਰਾਗੀ, ਢਾਡੀ, ਕਥਾਵਾਚਕ ਜਥਿਆਂ, ਮੁਖਤਿਆਰ ਸਿੰਘ ਢਾਡੀ ਜਥਾ, ਹਰਮੇਲ ਸਿੰਘ, ਦਿਲਬਾਗ ਸਿੰਘ ਢਾਡੀ ਜਥਾ, ਰਣਜੀਤ ਸਿੰਘ ਰਾਣਾ, ਹਰਪਾਲ ਸਿੰਘ ਵਾਲੀਆਂ ਇੰਗਲੈਂਡ, ਮੁਖਤਿਆਰ ਸਿੰਘ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਤੇ ਗੁਰਦੁਆਰਾ ਪ੍ਰਬੰਧਕਾਂ ਨੇ ਸਮੂਹ ਆਈ ਹੋਈ ਸੰਗਤਾਂ ਦਾ ਧੰਨਵਾਦ ਕੀਤਾ। ਖਾਸ ਕਰਕੇ ਜਿਨ੍ਹਾਂ ਨੇ 7 ਦਿਨ ਰਾਤ ਦਿਨ ਸੇਵਾ ਕੀਤੀ ਅਤੇ ਇਨ੍ਹਾਂ ਸਮਾਗਮਾਂ ਨੂੰ ਕਾਮਯਾਬ ਬਨਾਇਆ। ਇਸ ਮੌਕੇ ਤੇ ਜ਼ਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ, ਨਗਿੰਦਰ ਸਿੰਘ ਧੰਜਲ, ਸਵਰਨ ਸਿੰਘ ਸੈਂਭੀ, ਜ਼ਸਵੰਤ ਸਿੰਘ ਸੈਂਭੀ, ਗੁਰਮੀਤ ਸਿੰਘ ਜੰਡੂ, ਧਰਮ ਸਿੰਘ ਅਰੋੜਾ, ਬਲਕਾਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਸੁਖਮਿੰਦਰ ਸਿੰਘ ਸੁਖੀ ਰਾਗੀ ਪਾਠੀ ਜੁਝਾਰ ਸਿੰਘ, ਹਰਪ੍ਰੀਤ ਸਿੰਘ ਜੰਡੂ, ਰਛਪਾਲ ਸਿੰਘ, ਹਰਪਾਲ ਸਿੰਘ, ਅਮਜੋਤ ਸਿੰਘ ਸੰਗੂ ਨੇ ਕਥਾ ਕੀਰਤਨ ਕੀਤਾ ਅਤੇ ਸੰਗਤਾਂ ਦੀ ਹੱਥੀਂ ਸੇਵਾ ਕੀਤਾ। ਇਸ ਮੌਕੇ ਤੇ ਢਾਡੀ ਜਥਾ ਮੁਖਤਿਆਰ ਸਿੰਘ ਜਫਰ ਅਤੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਬਾਬੇ ਕੇ ਅਕੈਡਮੀ ਦੇ ਬੱਚਿਆਂ ਨੇ ਰਸਭਿੰਨਾ ਕੀਰਤਨ ਕੀਤਾ, ਜਿਨ੍ਹਾਂ ਵਿਚ ਸਿਮਰਨਜੋਤ ਕੌਰ, ਹਰਕੀਰਤ ਕੌਰ, ਗੁਰਨੀਅਤ ਕੌਰ, ਅਮਤੋਜ਼ ਸਿੰਘ, ਗੁਰਜੋਤ ਸਿੰਘ, ਪਵਨਦੀਪ ਸਿੰਘ, ਅਰਜਨ ਸਿੰਘ, ਗੁਰਵੀਰ ਸਿੰਘ ਨੇ ਕੀਰਤਨ ਕੀਤਾ। ਇਸ ਮੌਕੇ ਤੇ ਲੰਗਰ ਦੀ ਸੇਵਾ ਬੀਬੀ ਨਿੰਦਰ ਕੌਰ, ਬੀਬੀ ਜ਼ਸਬੀਰ ਕੌਰ, ਬੀਬੀ ਨਗਿੰਦਰ ਕੌਰ ਤੋਂ ਇਲਾਵਾ ਹੋਰ ਸਾਰੀਆਂ ਬੀਬੀਆਂ ਨੇ 7 ਦਿਨ ਲਗਾਤਾਰ ਲੰਗਰਾਂ ਵਿਚ ਸੇਵਾ ਕੀਤੀ। ਇਸ ਮੌਕੇ ਤੇ 7 ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ।





## ਗੁਰਦੁਆਰਾ ਸਿਮਰਨਸਰ ਸਾਹਿਬ ਡਰੋਲੀ ਭਾਈ (ਮੋਗਾ) ਦੀਵਾਨ ਸਥਾਨ ਪਾਤਸ਼ਾਹੀ ਛੇਵੀਂ, ਸੱਤਵੀਂ, ਨੌਵੀਂ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ ਸ਼ਤਾਬਦੀ ਸਮਾਗਮ 7 ਦਸੰਬਰ ਨੂੰ—ਡਾਕਟਰ ਸੰਤ ਬਾਬਾ ਗੁਰਨਾਮ ਸਿੰਘ



ਫ਼ਿਰੋਜ਼ਪੁਰ, 01 ਦਸੰਬਰ (ਮਨੋਹਰ ਲਾਲ) :— ਕੌਮੀ ਸ਼ਹੀਦ ਸ੍ਰੀਮਾਨ ਸੰਤ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਜੀ ਦੀ ਪ੍ਰੇਰਣਾ ਸਰੋਤ, ਡਾਕਟਰ ਸ੍ਰੀਮਾਨ ਸੰਤ ਬਾਬਾ ਗੁਰਨਾਮ ਸਿੰਘ ਜੀ ਦੀ ਦੇਖ-ਰੇਖ ਹੇਠ ਇਹ ਸ਼ਤਾਬਦੀ ਸਮਾਗਮ ਡਰੋਲੀ ਭਾਈ ਗੁਰਦੁਆਰਾ ਸਿਮਰਨਸਰ ਸਾਹਿਬ (ਮੋਗਾ) ਵਿਖੇ 7 ਦਸੰਬਰ ਨੂੰ ਕਰਵਾਏ ਜਾ ਰਹੇ ਹਨ। ਗੁਰਦੁਆਰਾ ਸਿਮਰਨਸਰ ਸਾਹਿਬ ਡਰੋਲੀ ਭਾਈ (ਮੋਗਾ) ਦੀਵਾਨ ਸਥਾਨ ਪਾਤਸ਼ਾਹੀ ਛੇਵੀਂ, ਸੱਤਵੀਂ, ਨੌਵੀਂ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ ਸਾਢੇ ਤ੍ਰੈ ਸ਼ਤਾਬਦੀ ਸਮਾਗਮ 7 ਦਸੰਬਰ ਦਿਨ ਐਤਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ। ਇਹ ਜਾਣਕਾਰੀ ਡਾਕਟਰ ਸ੍ਰੀਮਾਨ ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਗਤਾਂ ਦੇ ਸਹਿਯੋਗ ਨਾਲ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ ਸਾਢੇ ਤ੍ਰੈ ਸ਼ਤਾਬਦੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਡਾ: ਸ੍ਰੀਮਾਨ ਸੰਤ ਬਾਬਾ ਗੁਰਨਾਮ ਸਿੰਘ ਨੇ ਅੱਗੇ ਦੱਸਿਆ ਕਿ ਇਸ ਸਬੰਧ ਵਿਚ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸਿੱਖ ਪੰਥ ਦੇ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਗੁਰਇਤਿਹਾਸ ਸੁਣਾ ਕੇ ਨਿਹਾਲ ਰਨਗੇ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਗੁਣੀ ਗਿਆਨੀ, ਵਿਦਵਾਨ ਅਤੇ ਪੰਜਾਬ ਤੋਂ ਇਲਾਵਾ ਦੂਰ-ਦੂਰ ਤੋਂ ਸੰਗਤਾਂ ਪਹੁੰਚ ਕੇ ਗੁਰੂ ਸਾਹਿਬ ਅੱਗੇ ਆਪਣੀ ਹਾਜ਼ਰੀ ਲੁਆਉਣ ਗਈਆਂ। ਡਾਕਟਰ ਸ੍ਰੀਮਾਨ ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲਾ ਬਣਾਓ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਪੰਜਾਬ ਵਿਚ ਅਦਾਲਤਾ ਦੇ ਨਰਮ ਤੇ ਗਲਤ ਫੈਸਲਿਆਂ ਕਾਰਨ ਕਤਲੇਆਮ ਹੋ ਰਿਹਾ





**ਫ਼ਿਰੋਜ਼ਪੁਰ, 01 ਦਸੰਬਰ (ਮਨੋਹਰ ਲਾਲ) :—**ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਸੂਬਾ ਸਰਕਾਰ ਤੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਵਿਚ ਹੋ ਰਿਹਾ ਕਤਲੇਆਮ ਦਾ ਮੁਖ ਦੋਸ਼ੀ ਪੁਲਸ ਨਹੀ ਅਦਾਲਤਾਂ ਦੇ ਨਰਮ ਫੈਸਲਿਆਂ ਨੂੰ ਮੰਨਿਆ ਹੈ ਕਾਤਲ ਅਪਨੇ ਟੋਲੇ ਨਾਲ ਸ਼ਰੇਆਮ ਨਸ਼ੇ ਦੇ ਲੋਰ ਵਿਚ ਕਤਲ ਕਰਦਾ ਹੈ ਹਰ ਸ਼ਹਿਰ ਵਿਚ ਦਿਨ ਦਿਹਾੜੇ ਕਤਲੇਆਮ ਹੋ ਰਿਹਾ ਪੀੜਤ ਪਰਿਵਾਰ ਧਮਕੀਆਂ ਦੇ ਬਾਵਜੂਦ ਗਵਾਹੀਆ ਦਿੰਦੀ ਹਨ 4—5 ਸਾਲ ਅਦਾਲਤਾਂ ਪੁਲਸ ਦੀ ਕਤਲੇਆਮ ਤੇ ਕੀਤੀ ਮਿਹਨਤ ਤੇ ਪਾਣੀ ਫੇਰ ਦੇਦੀਆ ਹਨ ਜਮਾਨਤਾ ਪੰਜ ਸਾਲ ਬਾਅਦ ਕਰ ਕੇ ਬਾਹਰ ਕਡ ਦੇਦੀਆ ਹਨ ਓਹ ਬਾਹਰ ਨਿਕਲ ਕੇ ਫਿਰ ਓਹੀ ਰੂਪ ਧਾਰ ਲੈਦੇ ਹਨ ਜਿਹੜੇ ਸਿੰਘ ਧਰਮੀ ਕਾਰਜਾ ਕਰਕੇ ਸਜਾ ਕਟ ਰਹੇ ਹਨ, ਉਨ੍ਹਾਂ ਨੂੰ ਤੀਹ ਸਾਲ ਬਾਅਦ ਮਾਂ ਨੂੰ ਮਿਲਣ ਵਾਸਤੇ ਪਰੋਲ ਵੀ ਨਹੀ ਮਿਲ ਰਹੀ ਸਾਬਕਾ ਮੁੱਖ ਮੰਤਰੀ ਦਾ ਪੋਤਰਾ ਬਿਟੂ ਜੋ ਸਿੰਘ ਤੀਹ—ਤੀਹ ਸਾਲ ਜੇਲਾ ਵਿਚ ਹਨ ਓਨਾ ਵਿਰੁੱਧ ਰੋਜ ਬਿਆਨਬਾਜੀ ਕਰਦਾ ਹੈ ਜਿਹੜੇ ਕਾਤਲ ਨੂ ਅਦਾਲਤਾ ਪੰਜ ਸਾਲ ਜਮਾਨਤਾ ਤੇ ਬਾਹਰ ਕਢਦੀਆ ਓਨਾ ਬਾਰੇ ਇਕ ਲਫਜ ਵੀ ਨਹੀ ਬੋਲਦਾ ਪੰਜਾਬ ਦਾ ਮਹੌਲ 1991 ਨਾਲੋ ਭੈੜਾ ਹੈ ਇਨੇ ਕਤਲ ਓਸ ਵਕਤ ਨਹੀ ਸੀ ਹੁੰਦੇ ਜਿਨੇ ਅਜ ਕਲ ਹੋ ਰਹੈ ਪੰਜਾਬ ਸਰਕਾਰ ਨੂੰ ਚਾਹਿਦਾ ਕੇਂਦਰੀ ਕਨੂੰਨ ਮੰਤਰੀ ਨੂੰ ਅਸੈਂਬਲੀ ਵਿਚ ਮਤਾ ਪਾਕੇ ਭੇਜਣ ਅਦਾਲਤਾ ਦਾ ਬੁਰਾ ਹਾਲ ਹੈ ਜਜ ਮਨਮਰਜੀ ਨਾਲ ਛੂਟੀਆ ਕਰਦੈ ਹਨ ਦਸ ਦਸ ਸਾਲ ਕੇਸ ਲਟਕਦੇ ਰਹਿੰਦੇ ਹਨ ਫੈਸਲੇ ਕਰਨ ਦੀ ਬਜਾਇਏ ਪੰਜ ਸਾਲ ਦੀ ਜਮਾਨਤ ਲੈ ਲੈਦੇ ਹਨ ਕਨੂੰਨ ਦਾ ਡਰ ਲੋਕਾ ਨੂ ਰਤਾ ਜਿਨਾ ਨਹੀ ਜਿਨੇ ਮਰਜੀ ਕਤਲ ਕਰ ਲਵੋ ਪੰਜ ਸਾਲ ਜਮਾਨਤ ਹੋ ਜਾਣੀ ਹੈ ਮੁਸਲਮਾਨਾ ਦੇ ਦੇਸ਼ਾ ਵਿਚ ਕਨੂੰਨ ਦਾ ਡਰ ਹੈ ਸੋਨੇ ਦੀਆਂ ਦੁਕਾਨਾ ਨੂ ਲੋਕ ਤਾਲਾ ਨਹੀ ਲਾਓਦੇ ਇਥੇ ਲੁਟ ਖੋਹ ਵਾਲੇ ਨੂ ਸਿਆਸੀ ਲੋਕ ਸ਼ਾਮ ਨੂੰ ਛਡ ਕੇ ਲੈ ਜਾਂਦੇ ਇਸ ਵਕਤ ਪੰਜਾਬ ਵਿਚ ਦਿਨ ਰਾਤ ਗੋਲੀ ਚਲ ਰਹੀ ਹੈ।

# ਜ਼ਿਲ੍ਹਾ ਪੱਧਰੀ ਓਪਨ ਕਰਾਸ ਕੰਟਰੀ ਮੁਕਾਬਲੇ ਪਿੰਡ ਝੋਕ ਹਰੀ ਹਰ ਦਾਣਾ ਮੰਡੀ ਵਿਖੇ 3 ਨੂੰ





ਫ਼ਿਰੋਜ਼ਪੁਰ, 01 ਦਸੰਬਰ (ਮਨੋਹਰ ਲਾਲ) :— ਨੌਜਵਾਨ ਵਰਗ ਨੂੰ ਖੇਡ ਗਰਾਉਂਡਾਂ ਨਾਲ ਜੋੜਣ ਅਤੇ ਸਰੀਰਕ ਯੋਗਤਾ ਮੁਕਾਬਲੇ ਜਿੱਤਣ ਦੀ ਭਾਵਨਾ ਪੈਦਾ ਕਰਨ ਲਈ ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਫ਼ਿਰੋਜ਼ਪੁਰ ਵੱਲੋ ਪ੍ਰਧਾਨ ਡਾ।ਸੁਰਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ 2 ਰੋਜ਼ਾ ਜ਼ਿਲ੍ਹਾ ਪੱਧਰੀ ਕਰਾਸ ਕੰਟਰੀ ਮੁਕਾਬਲੇ ਅਤੇ ਐਥਲੈਟਿਕਸ ਮੀਟ 3 ਅਤੇ 4 ਦਸੰਬਰ ਨੂੰ ਕਰਵਾਏ ਜਾ ਰਹੇ ਹਨ। ਜਿਸ ਸੰਬੰਧੀ ਲੋੜੀਦੀਆਂ ਸਮੂਹ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਫ਼ਿਰੋਜ਼ਪੁਰ ਦੇ ਜਰਨਲ ਸੈਕਟਰੀ ਲੈਕਚਰਾਰ ਮਨਜੀਤ ਸਿੰਘ ਨੇ ਦਿੱਤੀ। ਉਹਨਾਂ ਦੱਸਿਆ ਕਿ ਐਸੋਸੀਏਸ਼ਨ ਵੱਲੋ ਸਲਾਨਾ ਮੁਕਾਬਲੇ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ 3 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 9 ਵਜੇ ਪਿੰਡ ਝੋਕ ਹਰੀ ਹਰ ਵਿਖੇ ਦਾਣਾ ਮੰਡੀ ਅੰਦਰ ਸ਼ੁਰੂ ਕਰਵਾਏ ਜਾਣਗੇ। ਜੋ ਸਾਬਕਾ ਸਰਪੰਚ ਸ। ਹਰੀ ਸਿੰਘ ਸੰਧੂ ਅਤੇ ਸਰਦਾਰਨੀ ਬੀਬਾ ਨਛੱਤਰ ਕੌਰ ਸੰਧੂ ਦੀ ਮਿੱਠੀ ਤੇ ਅਭੁੱਲ ਯਾਦ ਨੂੰ ਸਮਰਪਿਤ ਹੋਣਗੇ। ਉਹਨਾਂ ਦੱਸਿਆ ਕਿ ਜਿਲ੍ਹੇ ਭਰ ਵਿੱਚੋਂ 16, 18 ਅਤੇ 20 ਸਾਲ ਦੇ ਲੜਕੇ ਲੜਕੀਆਂ ਕਰਾਸ ਕੰਟਰੀ ਮੁਕਾਬਲੀਆਂ ਵਿਚ ਭਾਗ ਲੈ ਸਕਣਗੇ। ਜਿੰਨ੍ਹਾਂ ਦੀਆਂ ਐਟਰੀਆਂ ਮੌਕੇ ਤੇ ਲਈਆਂ ਜਾਣਗੀਆਂ। ਉਹਨਾਂ ਦੱਸਿਆ ਕਿ 4 ਦਸੰਬਰ ਨੂੰ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੀਟ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਅੰਦਰ ਕਰਵਾਈ ਜਾਵੇਗੀ। ਜਿਸ ਦੀ ਸ਼ੁਰੂਆਤ ਸਵੇਰੇ 9 ਵਜੇ ਹੋਵੇਗੀ। ਲੈਕਚਰਾਰ ਮਨਜੀਤ ਸਿੰਘ ਨੇ ਦੱਸਿਆ ਕਿ ਐਥਲੈਟਿਕਸ ਮੁਕਾਬਲਿਆਂ ਵਿੱਚ 14 ਅਤੇ 16 ਸਾਲ ਦੇ ਲੜਕੇ ?ਲੜਕੀਆਂ ਜ਼ਿਲ੍ਹੇ ਫ਼ਿਰੋਜ਼ਪੁਰ ਨਾਲ ਸਬੰਧਿਤ ਭਾਗ ਲੈ ਸਕਦੇ ਹਨ। ਉਹਨਾਂ ਦੱਸਿਆ ਕਿ ਕਰਾਸ ਕੰਟਰੀ ਵਿੱਚੋ ਜੇਤੂ ਖਿਡਾਰੀ ਸਟੇਟ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ ਅਤੇ ਐਥਲੈਟਿਕਸ ਮੁਕਾਬਲਿਆ ਵਿੱਚ ਜੇਤੂ 14 ਅਤੇ 16 ਸਾਲ ਦੇ ਲੜਕੇ ?ਲੜਕੀਆਂ ਜਿਨ੍ਹਾਂ ਦੀ ਪ੍ਰਫੋਰਮੈਂਸ ਕਮਾਲ ਦੀ ਹੋਵੇਗੀ ਉਹ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈ ਸਕਣਗੇ। ਉਹਨਾਂ ਦੱਸਿਆ ਕਿ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਜਨਮ ਸਬੂਤ ਨਾਲ ਲੈ ਕੇ ਆਉਣ। ਉਹਨਾਂ ਦੱਸਿਆ ਕਿ ਜੇਤੂ ਖਿਡਾਰੀਆਂ ਨੂੰ ਵਾਜਬ ਨਗਦ ਇਨਾਮਾਂ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ।

### ਸੁਖਬੀਰ ਸਿੰਘ ਬਾਦਲ ਨੇ ਦੀਦਾਰ ਸਿੰਘ ਮਲਕ ਨੂੰ

# ਜ਼ਿਲ੍ਹਾ ਪ੍ਰੀਸ਼ਦ ਦੇ ਗਾਲਿਬ ਜ਼ੋਨ ਤੋਂ ਉਮੀਦਵਾਰ ਐਲਾਨਿਆ



**ਜਗਰਾਉਂ,(ਵਰਿਆਮ ਹਠੂਰ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਜਗਰਾਉਂ ਇਲਾਕੇ ’ਚ ਪਹੁੰਚੇ ਜਿੱਥੇ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਵਿਧਾਇਕ ਸ੍ਰੀ ਐਸ.ਆਰ.ਕਲੇਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ, ਜਸਕਰਨ ਦਿਓਲ, ਸਵਰਨ ਸਿੰਘ ਛੱਜਾਵਾਲ, ਤਰਸੇਮ ਸਿੰਘ ਚਚਰਾੜੀ, ਹਰਪਾਲ ਸਿੰਘ ਕੋਠੇ ਪੋਨਾ ਤੇ ਹੋਰ ਅਕਾਲੀ ਆਗੂਆਂ ਦੀ ਹਾਜ਼ਰੀ ਵਿੱਚ ਪਿੰਡ ਮਲਕ ਦੇ ਨਿਵਾਸੀ ਅਤੇ ਬਲਾਕ ਸੰਮਤੀ ਜਗਰਾਉਂ ਦੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਢਿੱਲੋਂ (ਮਲਕ) ਨੂੰ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਿਰੋਪਾਓ ਪਾ ਕੇ ਜ਼ਿਲ੍ਹਾ ਪ੍ਰੀਸ਼ਦ ਦੇ ਗਾਲਿਬ ਕਲਾਂ ਜ਼ੋਨ ਤੋਂ ਉਮੀਦਵਾਰ ਐਲਾਨਿਆ, ਜ਼ਿਲ੍ਹਾ ਪ੍ਰੀਸ਼ਦ ਦੇ ਇਸ ਜ਼ੋਨ ’ਚ ਹੁਣ ਦਿਲਚਸਪ ਤਿਕੋਣਾ ਮੁਕਾਬਲਾ ਹੋਣ ਦੇ ਆਸਾਰ ਬਣ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਦਾ ਡਟਕੇ ਸਾਥ ਦਿਓ ਤੇ ਜਿਤਾਓ, ਤਾਂ ਜੋ ਉਨ੍ਹਾਂ ਇਸ ਮੌਕੇ ਦੀਦਾਰ ਸਿੰਘ ਮਲਕ ਨੂੰ ਤਕੜੇ ਹੋ ਕੇ ਚੋਣ ਲੜਨ ਲਈ ਕਿਹਾ, ਇਸ ਮੌਕੇ ਉਮੀਦਵਾਰ ਦੀਦਾਰ ਸਿੰਘ ਮਲਕ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਸ੍ਰੀ ਐੱਸ ਆਰ ਕਲੇਰ, ਦਾ ਧੰਨਵਾਦ ਕੀਤਾ, ਇਸ ਮੌਕੇ ਗੱਲਬਾਤ ਕਰਦਿਆਂ ਕੋਰ ਕਮੇਟੀ ਮੈਂਬਰ ਸ੍ਰੀ ਐੱਸ ਆਰ ਕਲੇਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਅਤੇ ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਬਦਲਾਅ ਦਾ ਭਰੋਸਾ ਦੇ ਕੇ ਹਕੂਮਤ ਦੀ ਵਾਗਡੋਰ ਦਿੱਲੀ ਦੇ ਹੱਥ ਦੇਣ ਵਾਲੇ ਲੋਕਾਂ ਨੂੰ ਪੰਜਾਬ ਦੇ ਲੋਕ ਜ਼ਿਲ੍ਹਾ ਪ੍ਰੀਸ਼ਦ ਚੋਣਾਂ ’ਚ ਮੂੰਹ ਤੋੜਵਾਂ ਜੁਆਬ ਦੇਣਗੇ, ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦਾ ਐਲਾਨ ਹੋਇਆ ਓਸੇ ਦਿਨ ਤੋਂ ਹੀ ਅਕਾਲੀ ਵਰਕਰ ਤੇ ਆਗੂ ਇਹਨਾਂ ਚੋਣਾਂ ਨੂੰ ਲੈ ਕੇ ਪੱਬਾ ਭਾਰ ਨੇ ਬੀਤੇ ਸਮੇਂ ਵਿੱਚ ਤਰਨਤਾਰਨ ਵਿਖੇ ਹੋਈ ਜਿਮਣੀ ਚੋਣ ਵਿੱਚ ਜਿਸ ਤਰ੍ਹਾਂ ਅਕਾਲੀਆਂ ਨੇ ਸਰਕਾਰ ਨਾਲ ਟੱਕਰ ਲੈਂਦੇ ਹੋਏ ਬਾਕੀ ਸਾਰੀਆਂ ਪਾਰਟੀਆਂ ਨੂੰ ਪਿੱਛੇ ਛੱਡ ਕੇ ਦੂਜੇ ਨੰਬਰ ਤੇ ਪਹੁੰਚੇ ਹਨ ਜਿਸ ਕਰਕੇ ਅਕਾਲੀ ਵਰਕਰਾਂ ਵਿੱਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਜੋਸ਼ ਦਿਖਾਈ ਦੇ ਰਿਹਾ ਹੈ। ਤੇ ਸਮੂਹ ਆਗੂ ਅਤੇ ਵਰਕਰ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਚੰਗੀ ਮਿਹਨਤ ਕਰਕੇ ਵਧੀਆ ਨਤੀਜੇ ਲਿਆਉਣ ਲਈ ਸਖ਼ਤ ਮਿਹਨਤ ਕਰਕੇ ਲੋਕਾਂ ਨਾਲ ਮੀਟਿੰਗਾਂ ਕਰਨਗੇ, ਇਸ ਮੌਕੇ ਆਗੂਆਂ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਨਮਾਨਿਤ ਵੀ ਕੀਤਾ।

**ਅਕਾਲੀ ਦਲ ਦੇ ਉਮੀਦਵਾਰਾਂ ਦਾ ਚੋਣਾਂ ਵਿੱਚ ਡਟ ਕੇ ਸਾਥ ਦਿਓ : ਸੁਖਬੀਰ ਸਿੰਘ ਬਾਦਲ**

### ਪਿੰਡਾਂ ਦੇ ਨੌਜਵਾਨਾਂ ਵਿੱਚ ਫਿਟਨੈੱਸ ਪ੍ਰਤੀ ਜਾਗਰੂਕਤਾ ਵਧਾਉਣ ਲਈ ਐਚ.ਐਮ.ਈ.ਐਲ ਨੇ ਪਿੰਡ ਬਹਿਮਣ ਜੱਸਾ ਸਿੰਘ ਅਤੇ

# ਬਹਿਮਣ ਕੌਰ ਸਿੰਘ ਵਿੱਚ ਦੋ ਆਧੁਨਿਕ ਜਿਮ ਕੀਤੇ ਸ਼ੁਰੂ





**ਤਲਵੰਡੀ ਸਾਬੋ, 01 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਪਿੰਡਾਂ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਦੇ ਹੋਏ ਸਿਹਤਮੰਦ ਅਤੇ ਅਨੁਸ਼ਾਸਿਤ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਐਚ.ਐਮ.ਈ.ਐਲ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਵੱਲੋਂ ਸ਼ੁਰੂ ਕੀਤੀ ਫਿਟਨੈੱਸ ਮੁਹਿੰਮ ਅੱਜ ਇੱਕ ਹੋਰ ਮਹੱਤਵਪੂਰਨ ਮੰਜ਼ਿਲ ’ਤੇ ਪਹੁੰਚ ਗਈ। ਐਚ.ਐਮ.ਈ.ਐਲ ਨੇ ਅੱਜ ਪਿੰਡ ਬਹਿਮਣ ਜੱਸਾ ਸਿੰਘ ਅਤੇ ਪਿੰਡ ਬਹਿਮਣ ਕੌਰ ਸਿੰਘ ਵਿੱਚ ਦੋ ਨਵਾਂ ਆਧੁਨਿਕ ਜਿਮ ਦਾ ਉਦਘਾਟਨ ਕੀਤਾ। ਇਹ ਨੌਜਵਾਨਾਂ ਦੀ ਤੰਦਰੁਸਤੀ ਅਤੇ ਸਸ਼ਕਤੀਕਰਨ ਵੱਲ ਇੱਕ ਵੱਡੀ ਸਫਲਤਾ ਸਾਬਤ ਹੋਵੇਗੀ। ਪਹਿਲਾ ਸਮਾਗਮ ਪਿੰਡ ਬਹਿਮਣ ਜੱਸਾ ਸਿੰਘ ਵਿੱਚ ਆਯੋਜਿਤ ਕੀਤਾ ਗਿਆ, ਜਿੱਥੇ ਗ੍ਰਾਮ ਪੰਚਾਇਤ, ਯੂਥ ਕਲੱਬ ਮੈਂਬਰ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਇਸ ਮੌਕੇ ’ਤੇ ਪਿੰਡ ਦੇ ਸਰਪੰਚ ਗੁਰਦੀਪ ਸਿੰਘ ਨੇ ਐਚ.ਐਮ.ਈ.ਐਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਜਿਮ ਨਾਲ ਪਿੰਡ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਵਿੱਚ ਅਤੇ ਫੌਜ ਤੇ ਪੁਲਿਸ ਭਰਤੀ ਦੀ ਤਿਆਰੀ ਲਈ ਸਹੀ ਦਿਸ਼ਾ ਦੇਣ ਵਿੱਚ ਵੱਡੀ ਮਦਦ ਮਿਲੇਗੀ। ਉਹਨਾਂ ਕਿਹਾ ਕਿ ਨੌਜਵਾਨਾਂ ਵਿੱਚ ਫਿਟਨੈੱਸ ਲਈ ਜਜ਼ਬਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਹ ਕਦਮ ਪਿੰਡ ਦੇ ਸਮਾਜਕ ਮਾਹੌਲ ਵਿੱਚ ਸਕਾਰਾਤਮਕ ਬਦਲਾਅ ਲਿਆ ਰਿਹਾ ਹੈ। ਇਸ ਤੋਂ ਬਾਅਦ ਬਹਿਮਣ ਕੌਰ ਸਿੰਘ ਪਿੰਡ ਵਿੱਚ ਦੂਜਾ ਉਦਘਾਟਨ ਕਰਵਾਇਆ ਗਿਆ, ਜਿੱਥੇ ਆਧੁਨਿਕ ਜਿਮ ਮਸ਼ੀਨਾਂ ਨਾਲ ਸਜਿਆ ਸੈਂਟਰ ਨੌਜਵਾਨਾਂ ਵੱਲੋਂ ਬਹੁਤ ਉਤਸ਼ਾਹ ਨਾਲ ਸਵੀਕਾਰਿਆ ਗਿਆ। ਇਸ ਸਮਾਗਮ ’ਚ ਸੀ ਐਸ ਆਰ ਦੇ ਡੀ.ਜੀ.ਐਮ ਸ਼੍ਰੀ ਵਿਸ਼ਵ ਮੋਹਨ ਪ੍ਰਸਾਦ ਵਿਸ਼ੇਸ਼ ਰੂਪ ਨਾਲ ਮੌਜੂਦ ਸਨ। ਉਹਨਾਂ ਕਿਹਾ ਕਿ ਐਚ.ਐਮ.ਈ.ਐਲ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਕੇ ਫਿਟਨੈੱਸ, ਆਤਮ ਵਿਸ਼ਵਾਸ ਅਤੇ ਅਨੁਸ਼ਾਸਨ ਨਾਲ ਜੋੜਨਾ ਹੈ। ਉਹਨਾਂ ਕਿਹਾ, “ਹੁਣ ਤੱਕ ਐਚ.ਐਮ.ਈ.ਐਲ ਨੇ ਆਲੇ ਦੁਆਲੇ ਦੇ 30 ਪਿੰਡਾਂ ਵਿੱਚ ਆਧੁਨਿਕ ਜਿਮ ਸਥਾਪਿਤ ਕੀਤੇ ਹਨ, ਅਤੇ ਇਨ੍ਹਾਂ ਨਾਲ ਪਿੰਡਾਂ ਦੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਸਪੱਸ਼ਟ ਤੌਰ ’ਤੇ ਸਕਾਰਾਤਮਕ ਬਦਲਾਅ ਦੇਖਣ ਨੂੰ ਮਿਲ ਰਹੇ ਹਨ। ਇਸ ਮੌਕੇ ’ਤੇ ਪਿੰਡ ਦੇ ਸਰਪੰਚ ਵਜ਼ੀਰ ਸਿੰਘ ਨੇ ਵੀ ਐਚ.ਐਮ.ਈ.ਐਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਜਿਮ ਨੇ ਨੌਜਵਾਨਾਂ ਵਿੱਚ ਨਵੀਂ ਉਰਜਾ ਅਤੇ ਨਵੀਂ ਦਿਸ਼ਾ ਜਨਮ ਦਿੱਤੀ ਹੈ। ਉਹਨਾਂ ਕਿਹਾ ਕਿ ਕਈ ਨੌਜਵਾਨ ਹੁਣ ਫੌਜ ਅਤੇ ਪੁਲਿਸ ਭਰਤੀ ਦੀ ਤਿਆਰੀ ਨੂੰ ਲਕਸ਼ ਬਣਾਕੇ ਨਿਯਮਿਤ ਤੌਰ ’ਤੇ ਕਸਰਤ ਕਰ ਰਹੇ ਹਨ। ਐਚ.ਐਮ.ਈ.ਐਲ ਦੀ ਇਹ ਫਿਟਨੈੱਸ ਮੁਹਿੰਮ ਪਿਛਲੇ ਕੁਝ ਸਾਲਾਂ ਵਿੱਚ ਪਿੰਡਾਂ ਵਿੱਚ ਸਮਾਜਕ ਬਦਲਾਅ ਦਾ ਕੇਂਦਰ ਬਣ ਚੁੱਕੀ ਹੈ। ਜਿਥੇ ਪਹਿਲਾਂ ਕਈ ਪਿੰਡਾਂ ਦੇ ਨੌਜਵਾਨਾਂ ਨੂੰ ਕਸਰਤ ਲਈ ਕਾਲਾਂਵਾਲੀ ਵਰਗੇ ਦੂਰ ਦੇ ਕਸਬਿਆਂ ਵਿੱਚ ਜਾਣਾ ਪੈਂਦਾ ਸੀ, ਉੱਥੇ ਹੁਣ ਆਪਣੀ ਹੀ ਪਿੰਡ ਦੀ ਆਧੁਨਿਕ ਜਿਮ ਦੀ ਸੁਵਿਧਾ ਪ੍ਰਾਪਤ ਹੈ।

# ਹਰਿਆਣੇ ਦੇ ਮੁਸਲਿਮ ਵਕੀਲ ਰਾਹੀ ਖ਼ਾਲਿਸਤਾਨੀਆਂ ਨੂੰ ਪੈਸੇ ਆਉਣ ਦਾ ਪ੍ਰਚਾਰ ਤੇ ਪ੍ਰਸਾਰ ਕੇਵਲ ਤੇ ਕੇਵਲ ਸਿੱਖ ਤੇ ਮੁਸਲਿਮ ਕੌਮ ਨੂੰ ਬਦਨਾਮ ਕਰਨ ਦੀ ਸਾਜਿਸ : ਮਾਨ



ਨਵੀਂ ਦਿੱਲੀ, 1 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):– “ਜਦੋ ਸਾਡੀ ਸਿੱਖ ਕੌਮ ਆਪਣੀ ਕੌਮੀ ਮੰਜਿਲ ਖ਼ਾਲਿਸਤਾਨ ਦੇ ਸੰਘਰਸ ਨੂੰ ਕੌਮਾਂਤਰੀ ਕਾਨੂੰਨਾਂ ਤੇ ਨਿਯਮਾਂ ਅਨੁਸਾਰ ‘ਇਨ ਗਰੀਬ ਸਿੱਖਨੁ ਕੋ ਦੇਊ ਪਾਤਸਾਹੀ’ ਦੀ ਮਨੁੱਖਤਾ ਪੱਖੀ ਸੋਚ ਅਨੁਸਾਰ ਆਪਣੀ ਆਜਾਦੀ ਦਾ ਸੰਘਰਸ ਕਰ ਰਹੀ ਹੈ ਅਤੇ ਜਦੋ ਹਰ ਤਰ੍ਹਾ ਦੇ ਹਥਿਆਰ ਆ ਰਹੇ ਹਨ, ਫਿਰ ਇਕ ਵਕੀਲ ਰਾਹੀ ਸਾਡੇ ਸੰਘਰਸ ਨੂੰ ਪੈਸੇ ਆਉਣ ਦੀ ਖਬਰ ਪ੍ਰਕਾਸਿਤ ਕਰਕੇ ਇਹ ਮੁਤੱਸਵੀ ਹੁਕਮਰਾਨ ਇਕ ਤੀਰ ਨਾਲ ਮੁਸਲਿਮ ਤੇ ਸਿੱਖ ਕੌਮ ਨੂੰ ਨਿਸ਼ਾਨਾਂ ਬਣਾਉਣ ਦੇ ਅਮਲ ਕਰ ਰਹੇ ਹਨ । ਇਨ੍ਹਾਂ ਦੀ ਇਸ ਪ੍ਰਕਾਸਿਤ ਖਬਰ ਵਿਚ ਕੋਈ ਸੱਚਾਈ ਤੇ ਦਮ ਨਹੀ । ਕਿਉਂਕਿ ਅਸੀ ਜੋ ਆਪਣੀ ਆਜਾਦੀ ਦਾ ਸੰਘਰਸ ਕਰ ਰਹੇ ਹਾਂ ਉਹ ਕੇਵਲ ਪੈਸੇ ਦੇ ਬਿਨ੍ਹਾਂ ਤੇ ਨਹੀ ਉਹ ਇਕ ਕੌਮੀ ਜ਼ਜਬਾਤ, ਸਿੱਖ ਕੌਮ ਦੀ ਅਣਖ, ਗੈਰਤ ਨੂੰ ਕਾਇਮ ਰੱਖਣ ਲਈ ਕਰ ਰਹੇ ਹਾਂ । ਇਹ ਹੋਰ ਵੀ ਵਿਤਕਰੇ ਅਤੇ ਗੈਰ ਵਿਧਾਨਿਕ ਵਾਲੀ ਕਾਰਵਾਈ ਹੈ ਕਿ ਜਦੋ ਬਹੁਗਿਣਤੀ ਨਾਲ ਸੰਬੰਧਤ ਹਿੰਦੂ ਆਗੂ ਅਤੇ ਸੰਸਥਾਵਾਂ ਹਿੰਦੂ ਰਾਸਟਰ ਬਣਾਉਣ ਦੀ ਗੱਲ ਕਰ ਰਹੀਆ ਹਨ ਤਾਂ ਹੁਕਮਰਾਨ ਤੇ ਇਥੋ ਦਾ ਕਾਨੂੰਨ ਉਨ੍ਹਾਂ ਨੂੰ ਕਤਈ ਦੋਸੀ ਨਹੀ ਠਹਿਰਾਉਦਾ ਅਤੇ ਜਦੋ ਸਿੱਖ ਕੌਮ ਜੋ ਨਿਰੰਤਰ ਬੀਤੇ 78 ਸਾਲਾਂ ਤੋ ਹੁਕਮਰਾਨਾਂ ਦੇ ਜਬਰ ਜੁਲਮ ਤੇ ਬੇਇਨਸਾਫ਼ੀਆਂ ਦਾ ਸਿਕਾਰ ਹੁੰਦੀ ਆ ਰਹੀ ਹੈ ਅਤੇ ਉਹ ਆਪਣੀ ਆਜਾਦੀ ਨੂੰ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਘਸੀਆ ਪਿੱਟੀਆ ਦਲੀਲਾਂ ਰਾਹੀ ਬਦਨਾਮ ਕਰਕੇ ਉਨ੍ਹਾਂ ਤੇ ਤਸੱਦਦ ਜੁਲਮ ਢਾਹਿਆ ਜਾਂਦਾ ਹੈ ਤੇ ਸਮੁੱਚੇ ਮੁਲਕ ਵਿਚ ਉਨ੍ਹਾਂ ਵਿਰੁੱਧ ਨਫਰਤ ਪੈਦਾ ਕੀਤੀ ਜਾਂਦੀ ਹੈ, ਕਿਉਂ ?” ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਦੇ ਅਖਬਾਰਾਂ ਵਿਚ ਇਕ ਹਰਿਆਣਾ ਦੇ ਵਕੀਲ ਰਾਹੀ ਸਿੱਖ ਕੌਮ ਦੇ ਖਾਲਿਸਤਾਨ ਦੇ ਸੰਘਰਸ ਨੂੰ ਪੈਸੇ ਆਉਣ ਦੀ ਨਿਰਆਧਾਰ ਖਬਰ ਪ੍ਰਕਾਸਿਤ ਕਰਨ ਅਤੇ ਇਸੇ ਬਹਾਨੇ ਮੁਸਲਿਮ ਤੇ ਸਿੱਖ ਦੋਵਾਂ ਘੱਟ ਗਿਣਤੀ ਕੌਮਾਂ ਵਿਰੁੱਧ ਨਫਰਤ ਪੈਦਾ ਕਰਕੇ ਨਿਸ਼ਾਨਾਂ ਬਣਾਉਣ ਦੀਆਂ ਹਕੂਮਤੀ ਕਾਰਵਾਈਆ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਹਰ ਕੀਮਤ ਤੇ ਆਪਣੀ ਕੌਮੀ ਮੰਜਿਲ ਦੀ ਪ੍ਰਾਪਤੀ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਸ ਗੱਲ ਦਾ ਵੀ ਖੁੱਲ੍ਹਕੇ ਵੇਰਵਾ ਦਿੱਤਾ ਕਿ ਪੁਲਵਾਮਾ ਤੇ ਪਹਿਲਗਾਮ ਦੁੱਖਦਾਇਕ ਘਟਨਾਵਾ ਜੋ ਵਾਪਰੀਆ ਹਨ, ਉਨ੍ਹਾਂ ਘਟਨਾਵਾ ਦੀ ਅੱਜ ਤੱਕ ਕਿਸੇ ਵੀ ਖੁਫੀਆ ਏਜੰਸੀ ਜਾਂ ਨਿਰਪੱਖ ਕਮਿਸਨ ਵੱਲੋ ਜਾਂਚ ਹੀ ਨਹੀ ਕਰਵਾਈ ਗਈ । ਜਿਸ ਤੋ ਪ੍ਰਤੱਖ ਹੁੰਦਾ ਹੈ ਕਿ ਇਹ ਅਜਿਹੇ ਹਮਲੇ ਵੀ ਹਕੂਮਤੀ ਸਾਜਿਸਾਂ ਦਾ ਨਤੀਜਾ ਹਨ । ਜਿਸ ਨਾਲ ਕਦੀ ਮੁਸਲਿਮ ਕੌਮ ਨੂੰ, ਕਦੀ ਸਿੱਖ ਕੌਮ ਨੂੰ ਬਦਨਾਮ ਕੀਤਾ ਜਾਂਦਾ ਹੈ । ਜੋ ਪੈਸੇ ਟਰਾਸਫਰ ਦੀ ਗੱਲ ਕੀਤੀ ਜਾ ਰਹੀ ਹੈ, ਇਹ ਪੈਸੇ ਰਿਜਬਰ ਬੈਂਕ ਆਫ ਇੰਡੀਆ ਤੇ ਦੂਜੇ ਬੈਕਾਂ ਰਾਹੀ ਹੀ ਹੋ ਸਕਦੇ ਹਨ ਫਿਰ ਸਰਕਾਰ ਆਪਣੇ ਬੈਂਕ ਨੀਤੀ ਅਨੁਸਾਰ ਅਜਿਹੇ ਖਾਤਿਆ ਤੇ ਖਾਤਾ ਧਾਰਕਾ ਦੀਆਂ ਟਰਾਸਜੈਕਸਨਾਂ ਉਤੇ ਰੋਕ ਕਿਉਂ ਨਹੀ ਲਗਾ ਸਕੀ ? ਜਾਂ ਇਨ੍ਹਾਂ ਦੇ ਬੈਂਕ ਖਾਤੇ ਫਰੀਜ ਕਿਉਂ ਨਹੀ ਕੀਤੇ ਗਏ ? ਇਸ ਅਮਲ ਤੋ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਸਾਡੀਆ ਘੱਟ ਗਿਣਤੀ ਕੌਮਾਂ ਨੂੰ ਬਦਨਾਮ ਕਰਨ ਅਤੇ ਨਿਸ਼ਾਨਾਂ ਬਣਾਉਣ ਦੇ ਹਕੂਮਤੀ ਅਮਲ ਹੋ ਰਹੇ ਹਨ । ਉਨ੍ਹਾਂ ਹਕੂਮਤੀ ਵਧੀਕੀਆ ਤੇ ਜ਼ਬਰ ਜੁਲਮ ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਬੀਤੇ ਸਮੇ ਵਿਚ ਜਦੋ ਨਾਜੀਆ ਨੇ ਯਹੂਦੀਆ ਉਤੇ ਜਬਰ ਢਾਹਿਆ ਅਤੇ ਉਨ੍ਹਾਂ ਨੂੰ ਗੈਸ ਚੈਬਰਾਂ ਵਿਚ ਬੰਦ ਕਰਕੇ ਤਸੀਹੇ ਦੇ ਕੇ ਵੱਡੀ ਗਿਣਤੀ ਵਿਚ ਮਾਰਿਆ ਤਾਂ ਉਨ੍ਹਾਂ ਨੇ ਇਹ ਅਮਲ ਉਨ੍ਹਾਂ ਮੁਲਕਾਂ ਤੇ ਖੇਤਰਾਂ ਵਿਚ ਹੀ ਕੀਤੇ ਜਿਨ੍ਹਾਂ ਨੂੰ ਹਿਟਲਰ ਨੇ ਫਤਹਿ ਕੀਤਾ ਸੀ ਜਿਵੇ ਨਾਰਵੇ, ਹਾਲੈਂਡ, ਫਰਾਂਸ, ਚੈਕੋਸਲਵਾਕੀਆ, ਪੋਲੈਂਡ ਆਦਿ । ਲੇਕਿਨ ਇੰਡੀਅਨ ਹੁਕਮਰਾਨਾਂ ਦੇ ਅਜਿਹੇ ਅਣਮਨੁੱਖੀ ਅਤੇ ਕੌਮਾਂਤਰੀ ਕਾਨੂੰਨਾਂ ਨੂੰ ਤੋੜਨ ਵਾਲੇ ਅਮਲ ਹੋਏ ਹਨ ਇਨ੍ਹਾਂ ਦੀ ਮੋਦੀ ਸਮੇਤ ਚੰਡਾਲ ਚੌਕੜੀ ਵਿਚ ਸਾਮਿਲ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸਿਸ ਕੀਤੀ । ਹਿਟਲਰ ਨੇ ਕਦੇ ਵੀ ਬਾਹਰਲੇ ਮੁਲਕਾਂ ਅਮਰੀਕਾ, ਕੈਨੇਡਾ, ਬਰਤਾਨੀਆ ਆਦਿ ਦੇ ਯਹੂਦੀਆ ਨੂੰ ਕਦੇ ਨਹੀ ਮਾਰਿਆ । ਜਿਸ ਤੋ ਪ੍ਰਤੱਖ ਹੋ ਗਿਆ ਹੈ ਕਿ ਇਹ ਹਿਟਲਰ ਦੇ ਜ਼ਬਰ ਜੁਲਮਾਂ ਤੋ ਵੀ ਹਿੰਦੂਤਵ ਹੁਕਮਰਾਨ ਟੱਪ ਚੁੱਕੇ ਹਨ ਅਤੇ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਕਰ ਰਹੇ ਹਨ ।

# 1.15 ਕਰੋੜ ਦੀ ਬਣੀ ਭਾਮ ਦੀ ਫਿਰਨੀ ਪਿੰਡ ਵਾਸੀਆਂ ਲਈ ਵੱਡੀ ਸੌਗਾਤ -ਵਿਧਾਇਕ ਡਾ. ਇਸ਼ਾਂਕ ਕੁਮਾਰ

**ਹੁਸ਼ਿਆਰਪੁਰ/ਚੱਬੇਵਾਲ, 1 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਭਾਮ ਦੀ ਫਿਰਨੀ ਨੂੰ ਕੰਕਰੀਟ ਨਾਲ ਪੱਕਾ ਬਣਾਉਣ ਦਾ ਪਿੰਡ ਵਾਸੀਆਂ ਨਾਲ ਕੀਤਾ ਵਾਅਦਾ ਪੂਰਾ ਕਰ ਦਿੱਤਾ ਗਿਆ ਹੈ, ਇਹ ਪ੍ਰਗਟਾਵਾ ਚੱਬੇਵਾਲ ਹਲਕੇ ਤੋਂ ਆਪ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਕੀਤਾ ਗਿਆ, ਉਨ੍ਹਾਂ ਦੱਸਿਆ ਕਿ ਇਸ 1.5 ਕਿਲੋਮੀਟਰ ਦੀ ਫਿਰਨੀ ਨੂੰ ਕੰਕਰੀਟ ਦਾ ਬਣਾਇਆ ਗਿਆ ਹੈ ਅਤੇ ਇਸ ਸੜਕ ਨੂੰ 18 ਫੁੱਟ ਚੌੜਾ ਵੀ ਕੀਤਾ ਗਿਆ ਹੈ, ਜਿਸ ‘ਤੇ 1.15 ਕਰੋੜ ਰੁਪਏ ਖਰਚ ਕੀਤੇ ਗਏ ਹਨ, ਉਹਨਾਂ ਕਿਹਾ ਕਿ ਇਹ ਸੜਕ ਜੋ ਪਾਣੀ ਦੀ ਸਮੱਸਿਆ ਕਾਰਣ ਵਾਰ ਵਾਰ ਟੁੱਟ ਰਹੀ ਸੀ, ਹੁਣ ਇਹ ਕੰਕਰੀਟ ਦੀ ਬਣਨ ਨਾਲ ਵਧੇਰੇ ਟਿਕਾਊ ਰਹੇਗੀ ਅਤੇ ਚੌੜੀ ਹੋਣ ਕਾਰਣ ਆਵਾਜਾਈ ਵੀ ਵਧੇਰੇ ਸੁਖਾਲੀ ਹੋਵੇਗੀ, ਡਾ. ਇਸ਼ਾਂਕ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਤੇਜੀ ਨਾਲ ਕੰਮ ਕੀਤਾ ਜਾ ਰਿਹਾ ਹੈ, ਉਨਾਂ ਕਿਹਾ ਕਿ ਸੂਬੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਨਾ ਸਰਕਾਰ ਦੀ ਪਹਿਲ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਦੌਰਾਨ ਸਹੂਲਤ ਮਿਲ ਸਕੇ। ਉਹਨਾਂ ਨੇ ਕਿਹਾ ਕਿ ਉਹਨਾਂ ਦਾ ਮੁੱਖ ਏਜੰਡਾ ਵਿਕਾਸ ਹੈ, ਇਸ ਲਈ ਸਾਰੇ ਪਿੰਡਾਂ ਦਾ ਬਿਨ੍ਹਾਂ ਕਿਸੇ ਪੱਖਪਾਤ ਤੋਂ ਲੋਕਾਂ ਦੀ ਤਰਜੀਹ ਮੁਤਾਬਿਕ ਵਿਕਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨਾਲ ਮੁਲਾਕਾਤ ਕਰਦਿਆਂ ਕਿਹਾ ਕਿ ਚੱਬੇਵਾਲ ਹਲਕਾ ਤੇਜ਼ੀ ਨਾਲ ਵਿਕਾਸ ਦੇ ਰਾਹ ’ਤੇ ਹੈ ਅਤੇ ਉਨ੍ਹਾਂ ਦਾ ਮੁੱਖ ਟੀਚਾ ਲੋਕਾਂ ਦੇ ਸਹਿਯੋਗ ਨਾਲ, ਲੋਕ ਭਲਾਈ ਦੇ ਕੰਮ ਕਰਨਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਪਿੰਡਾਂ ਨੂੰ ਵੀ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ, ਉੱਥੇ ਗਲੀਆਂ-ਨਾਲੀਆਂ ਸਮੇਤ ਸਾਰੇ ਕਾਰਜਾਂ ਦੀ ਗੁਣਵੱਤਾ ਨੂੰ ਤਰਜੀਹ ਦਿੰਦਿਆਂ ਖੇਡ ਮੈਦਾਨ, ਸੀਵਰੇਜ ਅਤੇ ਜਿੰਮ ਆਦਿ ਲਈ ਕੰਮ ਸ਼ੁਰੂ ਕੀਤੇ ਜਾ ਚੁੱਕੇ ਇਸ ਮੌਕੇ ‘ਤੇ ਮੌਜੂਦ ਪਿੰਡ ਵਾਸੀਆਂ ਨੇ ਇਸ ਫਿਰਨੀ ਲਈ ਅਤੇ ਪਿੰਡ ਵਿਚ ਕੀਤੇ ਜਾ ਰਹੇ ਹੋਰਨਾਂ ਵਿਕਾਸ ਕਾਰਜਾਂ ਲਈ ਆਪਣੇ ਵਿਧਾਇਕ ਨੂੰ ਧੰਨਵਾਦ ਦਿੱਤਾ ਅਤੇ ਉਹਨਾਂ ਦੇ ਹੱਕ ਵਿਚ ਆਪਣੀ ਇਕਜੁੱਟਤਾ ਦੁਹਰਾਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਸਤਾਰ, ਬਾਣਾ, ਕਿਰਪਾਨ, ਕੜੇ ਅਤੇ ਧਰਮ ਅਸਥਾਨਾਂ ਦੀ ਰਾਖੀ ਲਈ ਪੰਥ ਦੇ ਹਰਿਆਵਲ ਦਸਤੇ ਪ੍ਰਗਟ ਕਰਣ ਲਈ

# ਨੌਜੁਆਨਾਂ ਵਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ







**ਨਵੀਂ ਦਿੱਲੀ 1 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਨੌਵੇਂ ਨਾਨਕ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਤਾਬਦੀ ਪੁਰਬ ਮੌਕੇ ਦਿੱਲੀ ਦੇ ਸਿੱਖ ਨੌਜਵਾਨਾਂ ਵੱਲੋਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ ਵਿੱਚ ਪੰਥ ਦੇ ਮੌਜੂਦਾ ਹਾਲਾਤਾਂ ਉਪਰ ਜਿਕਰ ਕਰਦਿਆਂ ਇਕ ਹਰਿਆਵਲ ਦਸਤਾ ਭੇਜਣ ਲਈ ਇੱਕ ਬੇਨਤੀ ਪੱਤਰ ਭੇਟ ਕੀਤਾ ਗਿਆ ਇਹ ਬੇਨਤੀ ਪੱਤਰ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਇੱਕ ਸੁੰਦਰ ਫਰੇਮ ਵਿੱਚ ਮੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਰੱਖਿਆ ਗਿਆ, ਉਪਰੰਤ ਇਸ ਦਾ ਇੱਕ ਪੱਤਰ ਜੋ ਕਿ ਸੁੰਦਰ ਥਾਲ ਵਿੱਚ ਸਜਾ ਕੇ ਸ਼ਸਤਰਾਂ, ਕਕਾਰਾਂ, ਫੁੱਲਾਂ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਸਮੇਤ ਮੌਕੇ ਤੇ ਮੌਜੂਦ ਗ੍ਰੰਥੀ ਸਾਹਿਬ ਜੀ ਨੂੰ ਵੀ ਭੇਟ ਕੀਤਾ ਗਿਆ ਅਤੇ ਉਹਨਾਂ ਵੱਲੋਂ ਵੀ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ। ਬੇਨਤੀ ਪੱਤਰ ਵਿਚ ਉਨ੍ਹਾਂ ਲਿਖਿਆ ਕਿ ਸ੍ਰਿਸ਼ਟੀ ਦੇ ਤਾਰਨ ਹਾਰੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਨੌਵੇਂ ਸਰੂਪ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਨਿਮਾਣੀ ਬੇਨਤੀ, ਜੋਦੜੀ ਤਰਲਾ, ਮਿੰਨਤ ॥ ਸ੍ਰਿਸ਼ਟੀ ਦੇ ਤਾਰਨ ਹਾਰੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਨੌਵੇਂ ਸਰੂਪ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਨਿਮਾਣੀ ਬੇਨਤੀ, ਜੋਦੜੀ ਤਰਲਾ, ਮਿੰਨਤ ਸਗਲ ਸ੍ਰਿਸਟ ਦੇ ਧਰਮ ਦੇ ਰਾਖੇ ਨੌਵੇਂ ਨਾਨਕ ਸਾਹਿਬ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਓ ! ਪਹਿਲੇ ਜਾਮੇ ਵਿੱਚ ਆਪ ਜੀ ਸਗਲ ਸ੍ਰਿਸ਼ਟੀ ਨੂੰ ਤਾਰਨ ਲਈ ਹਜ਼ਾਰਾਂ ਮੀਲਾਂ ਦੀ ਲੰਬੀ ਯਾਤਰਾ ਕਰਕੇ ਜਗਤ ਦਾ ਉਧਾਰ ਕੀਤਾ। ਇਸ ਜਗਤ ਦੇ ਉਧਾਰ ਨਮਿਤ ਪੰਜਵੇਂ ਜਾਮੇ ਵਿੱਚ ਤੱਤੀ ਤਵੀ ਤੇ ਬੈਠੇ ਅਤੇ ਅੱਠਵੇਂ ਜਾਮੇ ਵਿੱਚ ਦਿੱਲੀ ਆ ਕੇ ਚੇਚਕ ਦੇ ਰੋਗੀਆਂ ਦਾ ਰੋਗ ਦੂਰ ਕੀਤਾ । ਸਤਿਗੁਰੂ ਜੀਓ ! ਹਰ ਪਾਸਿਓਂ ਨਿਰਾਸ਼ ਹੋ ਕੇ ਵੱਖ-ਵੱਖ ਕੋਨਿਆਂ ਤੋਂ ਸੈਂਕੜੇ ਹੀ ਕਸ਼ਮੀਰੀ ਪੰਡਿਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਪ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ, ਆਪਣੇ ਤਿਲਕ-ਜਨੇਊ, ਬੋਦੀ- ਧੋਤੀ ਤੇ ਆਪਣੇ ਧਰਮ ਸ਼ਾਸਤਰਾਂ ਤੇ ਦੇਵ ਸਥਾਨਾਂ ਦੀ ਰਾਖੀ ਦੇ ਲਈ, ਆਪ ਜੀ ਦੇ ਚਰਨਾਂ ਵਿੱਚ ਬੇਨਤੀ ਜੋਦੜੀ ਕੀਤੀ ਸਤਿਗੁਰੂ ਜੀਓ ! ਆਪ ਜੀ ਨੇ ਤਰਸ ਕਰਕੇ ਉਹਨਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਦਿੱਲੀ ਆ ਕੇ ਆਪਣੇ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਤੇ ਅਪਣੀ ਸ਼ਹਾਦਤ ਦੇ ਕੇ ਉਨ੍ਹਾਂ ਤੇ ਉਸ ਧਰਮ ਦੀ ਰੱਖਿਆ ਦਾ ਕਾਰਜ ਆਰੰਭ ਕੀਤਾ। ਜਿਸ ਧਰਮ ਦੇ ਮੂਲ ਸਿਧਾਂਤਾਂ ਅਤੇ ਮਨੁੱਖਤਾ ਦਾ ਲਹੂ ਪੀਣ ਵਾਲੇ ਪਾਖੰਡੀ ਧਰਮ ਗ੍ਰੰਥਾਂ, ਪਾਖੰਡੀ ਕਰਮ ਕਾਂਡਾਂ ਦੇ ਵਿਰੁੱਧ ਆਪ ਜੀ ਨੇ ਪਹਿਲੇ ਜਾਮੇ ਤੋਂ ਹੀ ਸੰਘਰਸ਼ ਆਰੰਭਿਆ ਹੋਇਆ ਸੀ, ਸਤਿਗੁਰੂ ਜੀਓ ! ਆਪ ਜੀ ਨੇ ਫਿਰ ਵੀ ਉਹਨਾਂ ਦੇ ਧਰਮ ਦੀ ਰਾਖੀ ਦੀ ਖਾਤਰ ਆਪਣਾ ਸੀਸ ਵਾਰਨ ਦਾ ਫੈਸਲਾ ਕੀਤਾ ਕਿਉਂਕਿ ਆਪ ਜੀ ਨੇ ਤੁੱਠ ਕੇ ਮਨੁੱਖਤਾ ਤੇ ਇਹ ਬਖਸ਼ਿਸ਼ ਕੀਤੀ ਕਿ ਭਾਵੇਂ ਕੁਝ ਲੋਕਾਂ ਦਾ ਅਕੀਦਾ ਬੌਧਿਕ ਪੱਧਰ, ਆਤਮਿਕ ਪੱਧਰ ਗਲਤ ਹੀ ਕਿਉਂ ਨਾ ਹੋਵੇ ਲੇਕਿਨ ਉਹਨਾਂ ਨੂੰ ਆਪਣੇ ਅਕੀਦੇ ਅਨੁਸਾਰ ਰਹਿਣ ਜਿਊਣ ਦਾ ਮੁੱਢਲਾ ਮਨੁੱਖੀ ਅਧਿਕਾਰ ਹੈ। ਸਤਿਗੁਰੂ ਜੀਓ ! ਇਸ ਅਕਿਰਤਘਣ ਬਿਪਰ ਨੇ ਗੰਗੂ ਦੇ ਰੂਪ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਪਾਪ ਕਮਾਇਆ। ਤਿਨਾਂ ਅਕਿਰਤਘਣਾਂ ਲੋਕਾਂ ਨੇ ਹੀ ਸੁੱਚਾ ਨੰਦ ਦੇ ਰੂਪ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਿੱਚ ਅਹਿਸਾਨ ਫਰਾਮੋਸ਼ੀ ਕਰਤੂਤ ਕੀਤੀ। ਸਤਿਗੁਰੂ ਜੀਓ ! ਇਹੀ ਬਿਪਰ ਲਖਪਤ ਰਾਏ, ਜਸਪਤ ਰਾਏ ਦੇ ਰੂਪ ਵਿੱਚ ਆਪ ਜੀ ਦੇ ਗੁਰਸਿੱਖਾਂ ਦਾ ਘਾਣ ਕਰਦਾ ਰਿਹਾ। ਇਹੀ ਬਿਪਰ ਡੋਗਰਿਆਂ ਦੇ ਰੂਪ ਵਿੱਚ ਆਪ ਜੀ ਦੇ ਪਿਆਰੇ ਪੰਥ ਦੇ ਖਾਲਸਾ ਰਾਜ ਦੇ ਘਾਣ ਦਾ ਕਾਰਨ ਬਣਿਆ। ਸਤਿਗੁਰੂ ਜੀਓ ! ਇਸੀ ਬਿਪਰ ਨੇ ਸਾਜਿਸ਼ ਖੇਡ ਕੇ 1947 ਵਿੱਚ ਖਾਲਸੇ ਦੀ ਸਰ ਜਮੀਨ ਦੇ ਦੋ ਟੋਟੇ ਕਰਕੇ ਉਸਨੂੰ ਹੜੱਪ ਲਿਆ, ਇਸੇ ਬਿਪਰ ਨੇ 1984 ਵਿੱਚ ਆਪ ਜੀ ਦੇ ਦਰ ਤੇ ਟੈਂਕਾਂ, ਤੋਪਾਂ ਨਾਲ ਹਮਲਾ ਕੀਤਾ, ਨਵੰਬਰ 84 ਵਿੱਚ ਦੇਸ਼ ਭਰ ਵਿੱਚ ਆਪ ਜੀ ਦੇ ਸੇਵਕ ਸਿੱਖਾਂ ਦਾ ਘਾਣ ਕੀਤਾ ਨਸਲਕੁਸ਼ੀ ਕੀਤੀ। ਸਤਿਗੁਰੂ ਜੀਓ ! ਹੋਰ ਕੀ ਕੀ ਆਪ ਜੀ ਦੇ ਚਰਨਾਂ ਵਿੱਚ ਚਰਨ ਜੋਦੜੀ ਕਰੀਏ, ਆਪ ਜੀ ਜਾਣੀ ਜਾਣ ਹੋ ਅੱਜ ਬਿਪਰਵਾਦ ਦਾ ਖਾਰਾ ਸਮੁੰਦਰ ਆਪ ਜੀ ਦੀ ਪਿਆਰੀ ਸਿੱਖੀ ਨੂੰ ਲੀਹ ਤੋਂ ਲਾਹੁਣਾ ਚਾਹੁੰਦਾ ਹੈ, ਅਸੀਂ ਕੁਝ ਨਿਮਾਣੇ ਸੇਵਕ ਆਪ ਜੀ ਦੇ ਚਰਨ ਛੋਹ ਪ੍ਰਾਪਤ ਸ਼ਹੀਦੀ ਸਥਾਨ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹਾਜ਼ਰ ਹੋ ਕਿ ਇਹੀ ਨਿਮਾਣੀ ਬੇਨਤੀ, ਜੋਦੜੀ ਤਰਲੇ, ਮਿੰਨਤ ਕੱਢਦੇ ਹਾਂ ਕਿ ਕਿਰਪਾ ਕਰੋ ਸਤਿਗੁਰੂ ਜੀਓ ! ਆਪ ਜੀ ਨੇ ਤਿਲਕ, ਜਨੇਊ, ਧੋਤੀ, ਬੋਦੀ ਧਰਮ ਅਸਥਾਨਾਂ, ਪਾਖੰਡੀ ਨਮਤ ਗ੍ਰੰਥਾਂ, ਮਨੁੱਖਤਾ ਵਿਰੋਧੀ, ਗੁਰਮਤਿ ਵਿਰੋਧੀ ਵਿਚਾਰਧਾਰਾ ਤੱਕ ਦੀ ਵੀ ਰੱਖਿਆ ਕੀਤੀ। ਸਤਿਗੁਰ ਜੀਓ ! ਹੁਣ ਆਪ ਜੀ ਦੇ ਪਿਆਰੇ ਪੰਥ ਦੇ ਸਿਰ ਤੇ ਇਹ ਬਿਪਤਾ ਬਣ ਆਈ ਹੈ ਕਿਰਪਾ ਕਰੋ। ਆਪ ਜੀ ਅਪਣੇ ਬੱਚਿਆਂ ਦੀ ਬਹੁੜੀ ਕਰੋ, ਹੁਣ ਸਾਨੂੰ ਥਾਂ ਥਾਂ ਤੇ ਬੈਂਕਾਂ ਵਿੱਚ, ਏਅਰਪੋਰਟਾਂ ਤੇ, ਟਰੇਨਾਂ ਵਿੱਚ, ਯੂਨੀਵਰਸਿਟੀਆਂ ਵਿੱਚ, ਕਾਲਜਾਂ ਵਿੱਚ, ਬਾਜ਼ਾਰਾਂ ਵਿੱਚ ਆਪਣੇ ਸਾਬਤ ਸੂਰਤ ਕੇਸਾਂ ਦਸਤਾਰ ਜੋ ਆਪ ਜੀ ਦੇ ਬਖਸ਼ੇ ਪਾਵਨ ਕਕਾਰ, ਕਿਰਪਾਨ, ਕੜਾ ਅਤੇ ਬਾਣੇ ਨੂੰ ਪਾਉਣ ਤੋਂ ਤਰ੍ਹਾਂ ਤਰ੍ਹਾਂ ਨਾਲ ਬੇਇਜਤ ਤੇ ਜਲੀਲ ਕੀਤਾ ਜਾਂਦਾ ਹੈ ਤੇ ਰੋਕਿਆ ਜਾਂਦਾ ਹੈ। ਸਤਿਗੁਰੂ ਜੀਓ ! ਮਿਹਰ ਕਰੋ ਆਪ ਜੀ ਦੇ ਗਿਆਰਵੇ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ! ਦੀਆਂ ਪਾਵਨ ਸਰੂਪਾਂ ਨੂੰ ਥਾਂ-ਥਾਂ ਤੇ ਬੇਅਦਬ ਕਰਕੇ ਅੱਗਾਂ ਲਾਉਣ ਵਾਲੇ ਇਨਾਂ ਬਿਪਰਾ ਸਾਡੇ ਹਿਰਦਿਆਂ ਨੂੰ ਵਲੂੰਧਰ ਦੇਣ ਵਾਲੇ ਕਾਲੇ ਕਾਰਨਾਮਿਆਂ ਨੂੰ ਰੋਕਣ ਲਈ ਸਾਨੂੰ ਬਲ, ਬੁੱਧੀ, ਸਮਰੱਥਾ, ਧਰਮ ਦੀ ਰਾਖੀ ਲਈ ਜੂਝਣ ਦਾ ਬਲ ਬਖਸ਼ੋ ਸਤਿਗੁਰੂ ਜੀ ਆਪ ਸਹਾਈ ਹੋ ਕੇ ਸਾਡੇ ਬਾਣੇ, ਦਸਤਾਰ, ਕਿਰਪਾਨ, ਕੜੇ ਅਤੇ ਸਾਡੇ ਧਰਮ ਅਸਥਾਨਾਂ ਦੀ ਰਾਖੀ ਲਈ ਆਪ ਜੀ ਦੇ ਪੰਥ ਦੇ ਹਰਿਆਵਲ ਦਸਤੇ ਪ੍ਰਗਟ ਕਰੋ ਜੋ ਇਹਨਾਂ ਦੁਸ਼ਟ ਬਿਪਰਾਂ ਨੂੰ ਨੱਥ ਪਾ ਕੇ ਆਪ ਜੀ ਦੇ ਪਿਆਰੇ ਪੰਥ ਨੂੰ ਖਾਲਸਾਈ ਹਲੇਮੀ ਰਾਜ ਦੀ ਉਸ ਮੰਜ਼ਿਲ ਤੱਕ ਪਹੁੰਚਾਉਣ ਜਿੱਥੇ ਕਿ ਆਪ ਜੀ ਦਾ 96 ਕਰੋੜੀ ਖਾਲਸਾ ਤਖਤ ਦਾ ਮਾਲਕ ਹੋਵੇ ਅਤੇ ਆਪ ਜੀ ਦੀ ਬਖਸ਼ੀ ਬੁੱਧ ਅਨੁਸਾਰ ਜਤ, ਸਤ ਸੰਜਮ ਵਿੱਚ ਰਹਿੰਦਿਆਂ ਨਾਨਕ ਰਾਜ , ਹਲੇਮੀ ਰਾਜ ਬੇਗਮਪੁਰੇ ਦੇ ਸੱਚੇ ਨਿਆਉ ਦੀ ਸਥਾਪਨਾ ਇਸ ਧਰਤੀ ਤੇ ਕਰੇ। ਇਸ ਮੌਕੇ ਇਸ ਪੱਤਰ ਦੀਆਂ ਕਾਪੀਆਂ ਵੀਂ ਸੰਗਤਾਂ ਵਿਚ ਵੰਡੀਆਂ ਗਈਆਂ ਸਨ। ••

> **ਅੱਜ ਬਿਪਰਵਾਦ ਦਾ ਖਾਰਾ ਸਮੁੰਦਰ ਲਾਹੁਣਾ ਚਾਹੁੰਦਾ ਹੈ ਸਿੱਖੀ ਨੂੰ ਲੀਹ ਤੋਂ, ਸਹਾਈ ਹੋਵੋ**

ਆਵਾਜ਼ਿ ਕੌਮ AWAZE QAUM International Newspaper & WEB TV

ਪਿੰਡ ਦੀ ਲਹਿਰੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਦੀ ਹੋਈ ਚੋਣ ਵਿਚ

# ਠਾਣਾ ਸਿੰਘ ਨੂੰ ਪ੍ਰਧਾਨ ਚੁਣਿਆ



**ਤਲਵੰਡੀ ਸਾਬੋ, 30 ਨਵੰਬਰ (ਗੁਰਜੰਟ ਸਿੰਘ ਨਥੇਹਾ)**- ਪਿੰਡ ਲਹਿਰੀ ਵਿਖੇ ਬਹੁਮੰਤਵੀ ਖੇਤੀਬਾੜੀ ਸਭਾ ਦੀ ਚੋਣ ਸਫਲਤਾ ਪੂਰਵਕ ਨੇਪਰੇ ਚੜ ਗਈ, ਜਿਸ ਵਿਚ ਠਾਣਾ ਸਿੰਘ ਨੂੰ ਸਭਾ ਦੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਇਸ ਸੰਬੰਧੀ ਪਿੰਡ ਲਹਿਰੀ ਦੇ ਸਰਪੰਚ ਹਰਮੰਦਰ ਸਿੰਘ ਨੇ ਦੱਸਿਆ ਕਿ ਪਿੰਡ ਲਹਿਰੀ ਦੀ ਖੇਤੀਬਾੜੀ ਸਹਿਕਾਰੀ ਸਭਾ ਵਿਖੇ ਇੰਸਪੈਕਟਰ ਲਕਸ਼ਦੀਪ ਜੈਨ ਚੋਣ ਅਧਿਕਾਰੀ ਨੇ ਪਿੰਡ ਦੀ ਖੇਤੀਬਾੜੀ ਸਹਿਕਾਰੀ ਸਭਾ ਦੀ ਚੋਣ ਕਰਵਾਈ, ਜਿਸ ਵਿਚ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਠਾਣਾ ਸਿੰਘ ਨੂੰ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਜਦੋਂ ਕਿ ਜਗਤਾਰ ਸਿੰਘ, ਭੋਲਾ ਸਿੰਘ, ਅਜੈਬ ਸਿੰਘ, ਗੁਰਦਾਸ ਸਿੰਘ, ਗੁਰਦੀਪ ਸਿੰਘ, ਸੁਖਦਰਸ਼ਨ ਸਿੰਘ, ਬਾਵਾ ਸਿੰਘ, ਕੁਲਵਿੰਦਰ ਸਿੰਘ ਕਿੰਦੀ, ਗੁਰਪਾਲ ਕੌਰ, ਰੂਪ ਕੌਰ ਨੂੰ ਅੰਤਰਿੰਗ ਕਮੇਟੀ ਮੈਂਬਰ ਚੁਣਿਆ ਗਿਆ। ਚੁਣੇ ਗਏ ਪ੍ਰਧਾਨ ਠਾਣਾ ਸਿੰਘ ਨੇ ਸਭਾ ਦੇ ਸਾਰੇ ਮੈਂਬਰਾਂ ਅਤੇ ਕਿਸਾਨਾਂ ਨੂੰ ਪੂਰੀ ਇਮਾਨਦਾਰੀ ਨਾਲ ਸੇਵਾ ਨਿਭਾਉਣ ਦਾ ਵਾਅਦਾ ਕਰਕੇ ਸਭਾ ਨੂੰ ਤਰੱਕੀ ਕਰਵਾਉਣ ਲਈ ਸਾਰਿਆਂ ਦੇ ਸਹਿਯੋਗ ਨਾਲ ਚਲਾਉਣ ਲਈ ਬਚਨ ਕੀਤਾ। ਇਸ ਮੌਕੇ ਹਰਮੰਦਰ ਸਿੰਘ ਸਰਪੰਚ, ਹਰਜੀਤ ਸਿੰਘ ਸੈਕਟਰੀ, ਜਗਸੀਰ ਸਿੰਘ ਫ਼ੌਜੀ, ਸੀਰਾ ਰਮੇਦਿੱਤੇ ਵਾਲਾ, ਬਲਕਰਨ ਸਿੰਘ, ਮਨਜੀਤ ਸਿੰਘ, ਸੱਤਪਾਲ ਸਿੰਘ, ਗੁਰਦੀਪ ਸਿੰਘ ਭੋਲਾ, ਅਜੈਬ ਸਿੰਘ, ਗੁਰਬਾਜ ਸਿੰਘ, ਜੱਸੀ ਆਦਿ ਗੁਰਪ੍ਰੀਤ ਕਲੱਬ ਪ੍ਰਧਾਨ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਦੇ ਭਗੌੜੇ ਤੇ ਗ਼ਦਾਰ ਬਾਦਲਾਂ ਨੂੰ ਮਾਫ਼ ਨਹੀਂ ਕਰਨਗੇ





ਗੁਰੂ ਦੇ ਸੱਚੇ ਸਿੱਖ 2 ਦਸੰਬਰ 2024 ਦੇ ਇਤਿਹਾਸਕ ਦਿਨ ਨੂੰ ਅੱਜ ਇੱਕ ਸਾਲ ਪੂਰਾ ਹੋ ਚੁੱਕਾ ਹੈ। ਇਹ ਦਿਨ ਸਿੱਖ ਕੌਮ ਨੂੰ ਕਦੇ ਨਹੀਂ ਭੁੱਲ ਸਕਦਾ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਅਤੇ ਜਥੇਦਾਰਾਂ ਦੇ ਅਹੁਦੇ ਦਾ ਵੱਕਾਰ ਮੁੜ ਬਹਾਲ ਹੋਇਆ ਸੀ। ਖ਼ਾਸ ਕਰਕੇ ਪੰਥ ਅਤੇ ਪੰਜਾਬ ਦੇ ਗ਼ਦਾਰ ਬਾਦਲਾਂ ਨੂੰ ਤਾਂ ਇਹ ਦਿਨ ਹਮੇਸ਼ਾਂ ਯਾਦ ਅਤੇ ਰੜਕਦਾ ਰਹੇਗਾ। ਬਾਦਲ ਦਲ ਤੋਂ ਹੀ ਬਾਗ਼ੀ ਹੋਏ ਕੁਝ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਸ਼ਿਕਾਇਤ ਕੀਤੀ ਸੀ ਜਿਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਅਤੇ ਹੋਰ ਦੋਸ਼ੀਆਂ ਨੂੰ ਤਲਬ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਖੁੱਲ੍ਹੀ ਅਦਾਲਤ ਲੱਗੀ, ਜਥੇਦਾਰਾਂ ਦਾ ਜਾਹੋ-ਜਲਾਲ ਅਤੇ ਦਲੇਰੀ ਵੇਖਣ ਹੀ ਵਾਲੀ ਸੀ, ਸੁਖਬੀਰ ਬਾਦਲ ਪੂਰਾ ਡਰਿਆ ਹੋਇਆ ਸੀ ਤੇ ਜਦੋਂ ਜਥੇਦਾਰਾਂ ਨੇ ਉਸ ਦੀਆਂ ਸਰਕਾਰਾਂ ਵਿੱਚ ਹੋਈਆਂ ਗ਼ਲਤੀਆਂ ਤੇ ਗੁਨਾਹ ਦੱਸੇ ਤਾਂ ਸੁਖਬੀਰ ਨੇ ਇੱਕ-ਇੱਕ ਕਰਕੇ ਕਬੂਲ ਕੀਤੇ। ਸੁਖਬੀਰ ਬਾਦਲ ਨੇ ਮੰਨਿਆ ਕਿ “ਉਸ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਵਨ ਸਰੂਪ ਚੋਰੀ ਕਰਨ ਵਾਲੇ ਅਤੇ ਅੰਗ ਪਾੜ ਕੇ ਬੇਅਦਬੀਆਂ ਕਰਨ ਵਾਲੇ ਦੋਸ਼ੀਆਂ ਉੱਤੇ ਕੋਈ ਕਾਰਵਾਈ ਨਾ ਕੀਤੀ ਤੇ ਸਗੋਂ ਉਹਨਾਂ ਦੀ ਪੁਸ਼ਤਪਨਾਹੀ ਕੀਤੀ, ਉਸ ਨੇ ਪੰਥਪ੍ਰਸਤ ਗੁਰਸਿੱਖਾਂ ਅਤੇ ਇਨਸਾਫ਼ ਮੰਗਦੀਆਂ ਸੰਗਤਾਂ ਨੂੰ ਗੋਲ਼ੀਆਂ ਨਾਲ ਭੁੰਨਿਆ, ਉਸਨੇ ਜਥੇਦਾਰਾਂ ਨੂੰ ਆਪਣੀ ਸਰਕਾਰੀ ਕੋਠੀ ਵਿੱਚ ਸੱਦ ਕੇ ਬਲਾਤਕਾਰੀ ਅਤੇ ਪੰਥ ਦੋਖੀ ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦੇਣ ਲਈ ਹੁਕਮਨਾਮਾ ਜਾਰੀ ਕਰਵਾਇਆ, ਉਸ ਨੇ ਗੁਰੂ ਦੀਆਂ ਗੋਲਕਾਂ ਵਿੱਚੋਂ 95 ਲੱਖ ਰੁਪਏ ਦੇ ਇਸ਼ਿਤਹਾਰ ਸ਼੍ਰੋਮਣੀ ਕਮੇਟੀ ਰਾਹੀਂ ਅਖ਼ਬਾਰਾਂ ਨੂੰ ਦਿਵਾਏ, ਉਸ ਨੇ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਕਾਤਲ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਨੂੰ ਉੱਚ ਅਹੁਦੇ ਦੇ ਕੇ ਨਿਵਾਜਿਆ, ਉਸਨੇ ਆਪਣੀਆਂ ਸਰਕਾਰਾਂ ਵਿੱਚ ਉਹਨਾਂ ਪੰਥਕ ਮੁੱਦਿਆਂ ਨੂੰ ਵਿਸਾਰਿਆ ਜਿਸ ਕਰਕੇ ਸਿੱਖ ਕੌਮ ਨੇ ਲੰਬਾ ਸੰਘਰਸ਼ ਲੜਿਆ ਸੀ ਅਤੇ ਅਨੇਕਾਂ ਸ਼ਹੀਦੀਆਂ ਹੋਈਆਂ ਸਨ।” ਇਸ ਉਪਰੰਤ ਜਥੇਦਾਰਾਂ ਨੇ ਸੁਖਬੀਰ ਬਾਦਲ ਅਤੇ ਹੋਰ ਦੋਸ਼ੀਆਂ ਨੂੰ ਤਨਖਾਹ ਲਗਾਈ, ਅਜੋਕੀ ਅਕਾਲੀ ਲੀਡਰਸ਼ਿਪ ਨੂੰ ਅਕਾਲੀ ਦਲ ਦੀ ਅਗਵਾਈ ਲਈ ਅਯੋਗ ਕਰਾਰ ਦਿੱਤਾ ਅਤੇ ਸੱਤ ਮੈਂਬਰੀ ਕਮੇਟੀ ਬਣਾਈ, ਮਰਹੂਮ ਪ੍ਰਕਾਸ਼ ਸਿੰਘ ਬਾਦਲ ਪਾਸੋਂ ਫ਼ਖ਼ਰ-ਏ-ਕੌਮ ਅਤੇ ਪੰਥ ਰਤਨ ਖਿਤਾਬ ਵਾਪਸ ਲਿਆ। ਹਾਲਾਂਕਿ ਖ਼ਾਲਸਾ ਪੰਥ ਦੀਆਂ ਪ੍ਰੰਪਰਾਵਾਂ ਅਨੁਸਾਰ ਇਹ ਫ਼ੈਸਲੇ ਬਹੁਤ ਨਰਮ ਅਤੇ ਸੁਖਬੀਰ ਬਾਦਲ ਦੇ ਪੱਖ ਵਿੱਚ ਹੀ ਸਨ ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਬਾਦਲ ਮੁੜ ਤੋਂ ਸੰਗਤਾਂ ਵਿੱਚ ਵਿਚਰਨ ਜੋਗਾ ਹੋ ਗਿਆ ਸੀ, ਪਰ ਬਾਦਲਕਿਆਂ ਅਨੁਸਾਰ ਇਹ ਕਾਰਵਾਈ ਬਹੁਤ ਸਖ਼ਤ ਅਤੇ ਉਹਨਾਂ ਦੇ ਵਿਰੋਧ ਵਿੱਚ ਸੀ ਜਿਸ ਨੂੰ ਬਾਦਲਕਿਆਂ ਨੇ ਭਾਜਪਾ ਦੀ ਸਾਜ਼ਿਸ਼ ਕਰਾਰ ਦਿੱਤਾ। ਜਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਤੇ ਉਸ ਦੇ ਟੋਲੇ ਦੇ ਰਾਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਵਨ ਸਰੂਪ ਚੋਰੀ ਹੋਇਆ, ਸਿੱਖਾਂ ਨੂੰ ਪੋਸਟਰ ਲਗਾ ਕੇ ਵੰਗਾਰਿਆ ਗਿਆ, ਅੰਗ ਪਾੜ-ਪਾੜ ਕੇ ਗਲੀਆਂ-ਨਾਲੀਆਂ ਤੇ ਰੂੜੀਆਂ ਵਿੱਚ ਸੁੱਟ ਕੇ ਕਈ ਵਾਰ ਬੇਅਦਬੀ ਕੀਤੀ ਗਈ, ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ, ਇਨਸਾਫ਼ ਮੰਗਦੇ ਗੁਰਸਿੱਖਾਂ ਨੂੰ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ। ਇਸ ਬਦਲੇ ਤੋਂ ਸੁਖਬੀਰ ਬਾਦਲ ਤੇ ਉਸਦੀ ਕਾਤਲ ਜੁੰਡਲੀ ਨੂੰ ਫਾਹੇ ਲਾ ਦੇਣਾ ਚਾਹੀਦਾ ਸੀ, ਇਹਨਾਂ ਦੇ ਗਲਾਂ ਵਿੱਚ ਰੱਸੇ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨਾਲ ਟੰਗ ਦੇਣੇ ਚਾਹੀਦੇ ਸੀ, ਇਹਨਾਂ ਨੂੰ ਪੰਥ ਵਿੱਚੋਂ ਵੀ ਛੇਕਣਾ ਚਾਹੀਦਾ ਸੀ, ਇਹਨਾਂ ਨੂੰ ਥੰਮਲਿਆਂ ਨਾਲ ਬੰਨ੍ਹ ਕੇ ਹਰ ਸਿੱਖ ਨੂੰ ਹੁਕਮ ਕਰਨਾ ਚਾਹੀਦਾ ਸੀ ਕਿ ਇਹਨਾਂ ਦੇ ਕੋਰੜੇ ਮਾਰੇ ਜਾਣ, ਇਹਨਾਂ ਨੂੰ ਲੱਖਪਤ ਰਾਏ ਵਾਲੀ ਭੈੜੀ ਸਜ਼ਾ ਦੇਣੀ ਚਾਹੀਦੀ ਸੀ ਤਾਂ ਜੋ ਅੱਗੇ ਤੋਂ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਦੋਸ਼ੀਆਂ ਦੀ ਪੁਸ਼ਤਪਨਾਹੀ ਕਰਨ ਦੀ ਕੋਸ਼ਿਸ਼ ਨਾ ਕਰਦਾ। ਪਰ ਸ਼੍ਰੋਮਣੀ ਕਮੇਟੀ ਅਤੇ ਬਾਦਲ ਦਲ ਵੱਲੋਂ ਥਾਪੇ ਜਥੇਦਾਰਾਂ ਕੋਲੋਂ ਇੰਨੀ ਵੱਡੀ ਆਸ ਕਰਨੀ ਇੱਕ ਸੁਪਨੇ ਤੋਂ ਵੱਧ ਕੁਝ ਨਹੀਂ ਹੈ। ਪਰ ਫਿਰ ਵੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਦੀ ਕਦਰ ਕਰਦਿਆਂ ਉਸ ਸਮੇਂ ਦੇ ਜਥੇਦਾਰਾਂ ਨੇ ਜਿੰਨਾ ਵੀ ਕੀਤਾ, ਉਸ ਫੈਸਲੇ ਦਾ ਸੰਗਤਾਂ ਨੇ ਸਵਾਗਤ ਕੀਤਾ ਤੇ ਸਿੱਖ ਕੌਮ ਦੇ ਜ਼ਖਮਾਂ ਉੱਤੇ ਕੁਝ ਮਲ੍ਹਮ ਪੱਟੀ ਜ਼ਰੂਰ ਲੱਗੀ ਤੇ ਇੱਕ ਆਸ ਬੱਝੀ ਕਿ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰਾਂ ਨੂੰ ਆਪਣੇ ਸਿਆਸੀ ਮੁਫ਼ਾਦਾਂ ਲਈ ਕੋਈ ਵਰਤ ਨਹੀਂ ਸਕੇਗਾ, ਸ਼੍ਰੋਮਣੀ ਅਕਾਲੀ ਦਲ ਸੁਰਜੀਤ ਹੋਵੇਗਾ ਤੇ ਪੰਥ ਦੇ ਸਿਧਾਂਤਾਂ ਦਾ ਘਾਣ ਨਹੀਂ ਹੋਵੇਗਾ। ਪਰ ਇਸ ਫ਼ੈਸਲੇ ਉਪਰੰਤ ਸੁਖਬੀਰ ਬਾਦਲ ਤੇ ਸ਼੍ਰੋਮਣੀ ਕਮੇਟੀ ਨੇ ਜਥੇਦਾਰਾਂ ਦੀ ਕਿਰਦਾਰਕੁਸ਼ੀ ਕਰਨੀ ਸ਼ੁਰੂ ਕਰ ਦਿੱਤੀ, ਸਭ ਤੋਂ ਵੱਧ ਨਿਸ਼ਾਨਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਣਾਇਆ ਗਿਆ ਤੇ ਉਹਨਾਂ ਨੂੰ ਜਥੇਦਾਰੀ ਤੋਂ ਲਾਹ ਦਿੱਤਾ। ਉਸ ਤੋਂ ਬਾਅਦ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਤੋਂ ਵੀ ਬਾਦਲਾਂ ਨੇ ਅਹੁਦੇ ਖੋਹ ਲਏ ਤੇ ਫਿਰ ਪਹਿਲਾਂ ਵਾਂਗ ਹੀ ਮਨਆਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਬਾਦਲਕਿਆਂ ਨੇ ਜਥੇਦਾਰਾਂ ਦਾ ਜੀਣਾ ਹਰਾਮ ਕਰ ਦਿੱਤਾ, ਉਹਨਾਂ ਦੀ ਐਨੀ ਕਿਰਦਾਰਕੁਸ਼ੀ ਕੀਤੀ ਕਿ ਉਹਨਾਂ ਦੇ ਖ਼ੁਦਕੁਸ਼ੀ ਕਰਨ ਵਾਲੇ ਹਲਾਤ ਬਣਾ ਦਿੱਤੇ। ਬਾਦਲਕਿਆਂ ਨੇ ਤਾਂ ਸੱਤ ਮੈਂਬਰੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ ਜੀ ਅਤੇ ਪੋਤਰੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ) ਨੂੰ ਵੀ ਨਾ ਬਖਸ਼ਿਆ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪਾਸੋਂ ਅਸਤੀਫ਼ੇ ਦਿਵਾ ਦਿੱਤੇ ਅਤੇ ਦੋ ਦਸੰਬਰ ਵਾਲੇ ਹੁਕਮਨਾਮੇ ਦਾ ਪੂਰੀ ਤਰ੍ਹਾਂ ਭੋਗ ਪਵਾ ਦਿੱਤਾ। ਸੁਖਬੀਰ ਫਿਰ ਆਪਣੇ ਧੜੇ ਵਾਲੇ ਅਕਾਲੀ ਦਲ ਦਾ ਪ੍ਰਧਾਨ ਬਣ ਗਿਆ, ਉਹ ਅੱਜ ਤੱਕ ਜਥੇਦਾਰਾਂ ਉੱਤੇ ਸ਼ਬਦੀ ਹਮਲੇ ਕਰ ਰਿਹਾ ਹੈ, ਵਿਰਸਾ ਸਿੰਘ ਵਲਟੋਹਾ ਜੋ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਨੀਟਾ ਆਖਦਾ ਹੈ, ਮਹੇਸ਼ਿੰਦਰ ਸਿੰਘ ਅਤੇ ਭੂੰਦੜ ਰੱਜ ਕੇ ਪੰਥਪ੍ਰਸਤ ਗੁਰਸਿੱਖਾਂ ਖ਼ਿਲਾਫ਼ ਜ਼ਿਹਰ ਉਗਲਦੇ ਹਨ। ਸੁਖਬੀਰ ਬਾਦਲ ਛੇਤੀ ਹੀ ਮੁਕਤਸਰ ਵਿੱਚ ਇੱਕ ਰੈਲੀ ਦੌਰਾਨ ਆਪਣੇ ਗੁਨਾਹਾਂ ਤੋਂ ਫਿਰ ਮੁੱਕਰ ਗਿਆ ਤੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥ ਤੋਂ ਫਿਰ ਭਗੌੜਾ ਹੋ ਗਿਆ। ਪੰਜ ਮੈਂਬਰੀ ਕਮੇਟੀ ਅਤੇ ਬਾਗ਼ੀ ਧੜੇ ਨੇ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਬਣਾ ਲਿਆ ਜਿਸ ਦੇ ਪ੍ਰਧਾਨ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਣੇ ਅਤੇ ਪੰਥਕ ਕੌਂਸਲ ਦੇ ਚੇਅਰਪਰਸਨ ਬੀਬੀ ਸਤਵੰਤ ਕੌਰ ਚੁਣੇ ਗਏ ਜਿਨ੍ਹਾਂ ਤੋਂ ਬਾਦਲਕਿਆਂ ਨੂੰ ਸਭ ਤੋਂ ਵੱਧ ਔਖ ਹੈ। ਸੁਖਬੀਰ ਸਿੰਘ ਬਾਦਲ ਤੇ ਉਸਦੀ ਜੁੰਡਲੀ ਲਗਾਤਾਰ ਆਪਣੇ ਭਾਸ਼ਣਾਂ ਵਿੱਚ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੰਗਾਰ ਰਹੇ ਹਨ, ਜਥੇਦਾਰਾਂ ਦੀ ਹੇਠੀ ਕਰ ਰਹੇ ਹਨ, ਉਹਨਾਂ ਨੂੰ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਦੀ ਕੋਈ ਪ੍ਰਵਾਹ ਨਹੀਂ, ਉਹ ਪਹਿਲਾਂ ਵਾਂਗ ਹੀ ਪੰਥ ਤੇ ਪੰਜਾਬ ਨਾਲ ਗ਼ਦਾਰੀਆਂ ਕਰ ਰਹੇ ਹਨ ਤੇ ਭਾਜਪਾ ਨਾਲ ਗਠਜੋੜ ਕਰਨ ਲਈ ਤਰਲੋ ਮੱਛੀ ਹੋਏ ਫਿਰਦੇ ਹਨ। ਸੁਖਬੀਰ ਸਿੰਘ ਬਾਦਲ ਨੂੰ ਸੱਤਾ ਮਿਲਣ ਦੀ ਹੀ ਦੇਰ ਹੈ ਬਸ ਫਿਰ ਉਹ ਪਹਿਲਾਂ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਵੇਗਾ, ਇਨਸਾਫ ਮੰਗਦੇ ਪੰਥ-ਪ੍ਰਸਤ ਗੁਰਸਿੱਖਾਂ ਨੂੰ ਚੁਣ ਚੁਣ ਕੇ ਗੋਲੀਆਂ ਨਾਲ ਭੁੰਨੇਗਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਤੁੰਨੇਗਾ ਤੇ ਉਹ ਰੱਜ ਕੇ ਪੰਥ ਦਾ ਘਾਣ ਕਰੇਗਾ। ਉਹ ਆਪਣੇ ਪਿਓ ਪ੍ਰਕਾਸ਼ ਸਿੰਘ ਬਾਦਲ ਨਾਲੋਂ ਵੀ ਵੱਧ ਕੇ ਪੰਥ ਅਤੇ ਪੰਜਾਬ ਨਾਲ ਗਦਾਰੀ ਕਰੇਗਾ ਤੇ ਇੱਕ ਵਾਰ ਫਿਰ ਸਿੱਖ ਇਤਿਹਾਸ ਵਿੱਚ ਆਪਣਾ ਨਾਮ ਅਬਦਾਲੀ, ਮੱਸਾ ਰੰਘੜ, ਜ਼ਕਰੀਆ ਖਾਂ, ਮੀਰ ਮੰਨੂ, ਜਨਰਲ ਡਾਇਰ, ਇੰਦਰਾ ਗਾਂਧੀ ਤੇ ਬੇਅੰਤ ਬੁੱਚੜ ਵਾਂਗ ਦਰਜ ਕਰਵਾ ਕੇ ਹੀ ਦਮ ਲਏਗਾ। ਫਿਰ ਹੀ ਲੋਕ ਆਖਿਆ ਕਰਨਗੇ ਕਿ ਸੁਖਬੀਰ ਬਾਦਲ ਨਾਲੋਂ ਤਾਂ ਇਸ ਦਾ ਪਿਓ ਹੀ ਚੰਗਾ ਸੀ, ਕੈਪਟਨ, ਚੰਨੀ ਤੇ ਭਗਵੰਤ ਮਾਨ ਹੀ ਵਧੀਆ ਸੀ। ਚਾਹੀਦਾ ਤਾਂ ਇਹ ਸੀ ਕਿ ਦੋ ਦਸੰਬਰ ਵਾਲੇ ਫੈਸਲੇ ਤੋਂ ਬਾਅਦ ਕੋਈ ਵੀ ਸਿੱਖ ਅਤੇ ਪੰਜਾਬੀ ਇਸ ਨੂੰ ਮੂੰਹ ਨਾ ਲਾਉਂਦਾ। ਪਰ ਸੁਖਬੀਰ ਬਾਦਲ ਆਪਣੀ ਧੌਂਸ ਜਮਾ ਕੇ, ਪੰਥ ਵਿਰੋਧੀਆਂ ਨਾਲ ਯਾਰੀ ਪਾ ਕੇ ਮੁੱਖ ਮੰਤਰੀ ਬਣਨ ਦੇ ਸੁਪਨੇ ਲੈ ਰਿਹਾ ਹੈ। ਤਰਨ ਤਾਰਨ ਵਿੱਚ ਹੋਈ ਜ਼ਿਮਨੀ ਚੋਣ ਨੂੰ ਲੈ ਕੇ ਸੁਖਬੀਰ ਧੜਾ ਬੜਾ ਬਾਗੋ-ਬਾਗ ਹੈ, ਅਖੇ 2027 ਵਿੱਚ ਸਾਡੀ ਸਰਕਾਰ ਪੱਕੀ ਹੈ। ਭਾਜਪਾ ਦਾ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਵੀ ਕਹਿ ਰਿਹਾ ਹੈ ਕਿ ਸੁਖਬੀਰ ਬਾਦਲ ਨਾਲ ਗੱਠਜੋੜ ਕੀਤਾ ਜਾਵੇ ਤੇ ਬਾਦਲਕੇ ਤਾਂ ਪਹਿਲਾਂ ਹੀ ਗਠਜੋੜ ਕਰਨ ਲਈ ਅਮਿਤ ਸ਼ਾਹ ਦੇ ਪੈਰਾਂ ਵਿੱਚ ਵੀ ਜਾ ਡਿੱਗੇ ਹਨ। ਬਾਦਲਕਿਆਂ ਨੂੰ ਬੜਾ ਵੱਡਾ ਭਰਮ ਹੋ ਗਿਆ ਹੈ ਕਿ ਉਹ ਖਾਲਸਾ ਪੰਥ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੇਠੀ ਕਰਕੇ ਅਤੇ ਪੰਥਕ ਵੋਟ ਤੋਂ ਬਿਨਾਂ ਹੀ ਆਪਣੀ ਸਰਕਾਰ ਬਣਾ ਲੈਣਗੇ। ਸੁਖਬੀਰ ਬਾਦਲ ਆਪਣੇ ਪਿਤਾ ਸਮਾਨ ਭਾਪੇ ਡੇਰਾ ਸਿਰਸਾ ਮੁਖੀ ਨੂੰ ਦੁਬਾਰਾ ਫਿਰ ਵੋਟ ਬੈਂਕ ਵਜੋਂ ਵਰਤਣਾ ਚਾਹੁੰਦਾ ਹੈ। ਬਾਦਲਕਿਆਂ ਨੂੰ ਲੱਗਦਾ ਹੈ ਕਿ ਜੇਕਰ ਕਾਂਗਰਸ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਹਮਲਾ ਕਰਕੇ, ਨਵੰਬਰ 1984 ਵਿੱਚ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਅਤੇ 10 ਸਾਲ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਪੰਜਾਬ ਵਿੱਚ ਫਿਰ ਸਰਕਾਰਾਂ ਬਣਾ ਸਕਦੀ ਹੈ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਆਪਣੇ ਰਾਜ ਵਿੱਚ ਕਰਵਾ ਕੇ ਦੋਸ਼ੀਆਂ ਨੂੰ ਬਚਾ ਕੇ, ਸਿੱਖਾਂ ਨੂੰ ਗੋਲੀਆਂ ਨਾਲ ਮਾਰ ਕੇ, ਪੰਥ ਅਤੇ ਪੰਜਾਬ ਨਾਲ ਮੱਥਾ ਲਾ ਕੇ ਸਰਕਾਰ ਕਿਉਂ ਨਹੀਂ ਬਣਾ ਸਕਦੇ! ਬਾਦਲਕਿਆਂ ਦੀ ਇਹ ਸੋਚ ਪੰਥ ਅਤੇ ਪੰਜਾਬ ਲਈ ਬਹੁਤ ਖਤਰਨਾਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਸੱਚੇ ਸਿੱਖ ਉਹ ਤਾਂ ਕਦੇ ਵੀ ਬਾਦਲਾਂ ਨੂੰ ਵੋਟ ਨਹੀਂ ਪਾਉਣਗੇ ਤੇ ਨਾ ਹੀ ਇਹਨਾਂ ਨੂੰ ਬਖਸ਼ਣਗੇ। ਇਹ ਫੈਸਲਾ ਪੰਥ ਦੇ ਹੱਥ ਹੈ ਕਿ ਉਹਨਾਂ ਨੇ ਦੋ ਦਸੰਬਰ ਵਾਲਾ ਸ੍ਰੀ ਅਕਾਲ ਤਖਤ ਸਾਹਿਬ ਦਾ ਫੈਸਲਾ ਲਾਗੂ ਕਰਵਾਉਣਾ ਹੈ, ਗ਼ਦਾਰਾਂ ਨੂੰ ਸਬਕ ਸਿਖਾਉਣਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਵਾਉਣਾ ਹੈ ਜਾਂ ਫਿਰ ਬਾਦਲਾਂ ਅੱਗੇ ਝੁਕ ਕੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਜਥੇਦਾਰਾਂ ਦਾ ਤ੍ਰਿਸਕਾਰ ਕਰਵਾਉਣਾ ਤੇ ਪੰਥ ਦੇ ਸਿਧਾਂਤਾਂ ਦਾ ਘਾਣ ਕਰਵਾਉਣਾ ਹੈ। ਹਰ ਸਿੱਖ ਜ਼ਰੂਰ ਸੋਚੇ।



- ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ)
ਮੋ : 88722-93883.